ਅਧਿਆਇ 1

ਭੂਮਿਕਾ

(ਭਾਗ 1)

ਅੱਯੂਬ ਦੀ ਪੁਸਤਕ ਦੀ ਭੂਮਿਕਾ (1:1-2:13) ਵਾਰਤਕ ਵਿਚ ਲਿਖਿਆ ਗਿਆ ਹੈ ਜਦੋਂ ਕਿ ਬਾਕੀ ਦੀ ਪੁਸਤਕ ਕਾਵਿ-ਸੰਗ੍ਰਹਿ ਵਿਚ ਲਿਖੀ ਗਈ ਹੈ। ਪਹਿਲੇ ਦੋ ਅਧਿਆਵਾਂ ਵਿਚ, ਅੱਯੂਬ ਨੂੰ ਪੁਰਖਾਂ ਦੇ ਸੰਸਾਰ ਵਿਚ ਇਕ ਵਿਲੱਖਣ ਵਿਅਕਤੀ ਵਜੋਂ ਪੇਸ਼ ਕੀਤਾ ਗਿਆ ਹੈ। ਉਹ ਇਕ ਯਹੂਦੀ ਨਹੀਂ ਸੀ। ਇਹ ਆਪਣੇ ਆਪ ਵਿਚ ਹੈਰਾਨੀਜਨਕ ਹੈ ਜਦੋਂ ਅਸੀਂ ਇਬਰਾਨੀ ਸ਼ਾਸਤਰ ਪੜ੍ਹਦੇ ਹਾਂ। ਉਹ ਅਥਾਹ ਧਨ, ਉਚਿਤ ਮਾਣ ਅਤੇ ਅਨੋਖੀ ਧਾਰਮਿਕਤਾ ਵਾਲਾ ਮਨੁੱਖ ਸੀ।

ਸ਼ਤਾਨ ਦੁਆਰਾ ਅੱਯੂਬ ਦੇ ਪਰਤਾਏ ਜਾਣ ਬਾਰੇ ਸਾਨੂੰ ਭੂਮਿਕਾ ਵਾਲੇ ਅਧਿਆਵਾਂ ਵਿਚ ਦੱਸਿਆ ਗਿਆ ਹੈ। ਅਣਉਚਿਤ ਦੁੱਖਾਂ ਦੀ ਸਮੱਸਿਆ ਨੂੰ ਤਿੱਖੇ ਵਿਸਥਾਰ ਨਾਲ ਬਿਆਨ ਕੀਤਾ ਗਿਆ ਹੈ। ਸਾਨੂੰ ਛੁਟਕਾਰੇ ਦੇ ਗਿਆਨ ਨੂੰ ਜੋ ਸਾਨੂੰ ਮਸੀਹ ਦੇ ਦੁੱਖ ਦੇ ਰਾਹੀਂ ਮਿਲਿਆ ਹੈ ਪਿੱਛੇ ਛੱਡ ਕੇ ਪੁਸਤਕ ਦੇ ਪ੍ਰਸੰਗ ਵਿਚ ਦਾਖ਼ਲ ਹੋਣਾ ਚਾਹੀਦਾ ਹੈ। ਅੱਯੂਬ ਨਾ ਸਿਰਫ ਅਜਿਹੇ ਗਿਆਨ ਬਾਰੇ ਅਣਜਾਣ ਸੀ, ਬਲਕਿ ਉਹ ਪਰਮੇਸ਼ੁਰ ਅਤੇ ਸ਼ਤਾਨ ਵਿਚਕਾਰ ਹੋਏ ਵਟਾਂਦਰੇ ਤੋਂ ਵੀ ਬਿਲਕੁਲ ਅਣਜਾਣ ਸੀ। ਉਸ ਨੇ ਅਤੇ ਉਸ ਦੇ ਦੋਸਤਾਂ ਨੇ ਮੰਨਿਆ ਕਿ ਦੁੱਖ ਪਾਪ ਦੇ ਕਾਰਨ ਅਤੇ ਪ੍ਰਭਾਵ ਨਾਲ ਜੁੜੇ ਹੋਏ ਸਨ। ਯਰੂਸ਼ਲਮ ਵਿਚ ਅੰਨ੍ਹੇ ਮਨੁੱਖ ਬਾਰੇ ਯਿਸੂ ਦੇ ਚੇਲਿਆਂ ਵੱਲੋਂ ਪੁੱਛੇ ਗਏ ਸਵਾਲ ਤੋਂ ਸਪੱਸ਼ਟ ਹੁੰਦਾ ਹੈ ਕਿ ਪਹਿਲੀ ਸਦੀ ਈਸਵੀ ਪੂਰਵ ਵਿਚ ਯਹੂਦੀ ਹਾਲੇ ਵੀ ਇਹੀ ਵਿਸ਼ੇ ਨੂੰ ਮੰਨਦੇ ਸਨ: "ਸੁਆਮੀ ਜੀ ਕਿਹ ਨੇ ਪਾਪ ਕੀਤਾ ਇਸ ਨੇ ਯਾ ਇਹ ਦੇ ਮਾਪਿਆਂ ਨੇ ਜੋ ਇਹ ਅੰਨ੍ਹਾ ਜੰਮਿਆ ਹੈ?" (ਯੂਹੰਨਾ 9:2)।

ਮਨੁੱਖ ਨੇ ਹਮੇਸ਼ਾ ਨਾਜਾਇਜ਼ ਦੁੱਖ ਦੀ ਸਮੱਸਿਆ ਬਾਰੇ ਸੋਚਿਆ ਹੈ। ਪ੍ਰਾਚੀਨ ਮਸੋਪੋਤਾਮੀਆ ਦੇ ਦਸਤਾਵੇਜ਼ ਸਮੱਸਿਆ ਨਾਲ ਲੜਦੇ ਸਨ। ਇਕੀਵੀਂ ਸਦੀ ਈਸਵੀ ਪੂਰਵ ਦੇ ਮਿਸਰ ਦੇ "ਦਿ ਐਲੋਕੁਐਂਟ ਪੀਜੇਂਟ" ਵਿਚ ਖ਼ੂਨ-ਅਨੂਪ ਨਾਂ ਦੇ ਇਕ ਕਿਸਾਨ ਦਾ ਵਰਣਨ ਕਰਦੀ ਹੈ ਜਿਸ ਦਾ ਸਾਮਾਨ ਚੋਰੀ ਹੋ ਗਿਆ ਸੀ ਜਦੋਂ ਉਹ ਬਜ਼ਾਰ ਗਿਆ ਸੀ। ਉਸ ਨੇ ਵੱਖੋ ਵੱਖਰੇ ਅਧਿਕਾਰੀਆਂ ਨੂੰ ਇਨਸਾਫ ਲਈ ਅਪੀਲ ਕੀਤੀ ਜੋ ਅੰਤ ਵਿਚ ਉਸ ਨੂੰ ਦਿੱਤਾ ਗਿਆ ਸੀ।[1] ਇਕ ਪ੍ਰਾਚੀਨ ਸੁਮੇਰੀਅਨ ਬੁੱਧੀ ਪਾਠ ਜਿਸ ਦਾ ਸਿਰਲੇਖ ਸੀ "ਡਾਇਲਾਗ ਬਟਵੀਨ ਏ ਮੈਨ ਐਂਡ ਹਿਜ ਵਰਡ," ਹਾਲਾਂਕਿ ਕਾਫ਼ੀ ਖੰਡਿਤ ਹੈ, ਨਾਜਾਇਜ਼ ਦੁੱਖ ਦੀ ਸਮੱਸਿਆ ਬਾਰੇ ਚਰਚਾ ਕਰਦਾ ਹੈ।[2]

ਦੁੱਖਾਂ ਬਾਰੇ ਸਭ ਤੋਂ ਪੁਰਾਣੀ ਲਿਖਤ ਜੋ ਕਿ ਬਾਈਬਲ ਅਧਾਰਿਤ ਨਹੀਂ ਹੈ ਉਸ ਦਾ ਸਿਰਲੇਖ ਹੈ "ਮੈਂ ਬੁੱਧ ਦੇ ਮਾਲਕ ਦੀ ਉਸਤਤ ਕਰਾਂਗਾ।" ਇਸ ਨੂੰ "ਦ ਪੋਇਮ ਆਫ਼ ਦ ਰਾਈਚੁਅਸ ਸਫਰਰ" ਜਾਂ "ਬਾਬਲ ਦਾ ਅੱਯੂਬ" ਵੀ ਕਿਹਾ ਜਾਂਦਾ ਹੈ।[3] ਇਸ ਵਿਚ ਉੱਚੇ ਦਰਜੇ

ਦੇ ਇਕ ਮਨੁੱਖ ਨੂੰ ਬਿਮਾਰੀ ਲੱਗ ਗਈ ਸੀ। ਉਸ ਨੇ ਆਪਣੇ ਜੀਵਨ ਦੇ ਬਦਲੇ ਹਾਲਾਤਾਂ ਤੇ ਵਿਰਲਾਪ ਕੀਤਾ ਅਤੇ ਮਾਰਦੁਕ ਦੇਵਤਾ ਨੂੰ ਮਦਦ ਦੀ ਅਪੀਲ ਕੀਤੀ। ਠੀਕ ਹੋ ਜਾਣ ਤੇ, ਉਸ ਨੇ ਆਪਣੇ ਦੇਵਤਾ ਦਾ ਧੰਨਵਾਦ ਕਰਨ ਲਈ ਇਕ ਗੀਤ ਗਾਇਆ।

ਦੁੱਖ ਅਤੇ ਅੱਯੂਬ ਦੀ ਕਿਤਾਬ ਤੇ ਇਨ੍ਹਾਂ ਲਿਖਤਾਂ ਵਿਚ ਜੋ ਬਾਈਬਲ ਅਧਾਰਿਤ ਨਹੀਂ ਹਨ ਚਿੰਨ੍ਹਤ ਅੰਤਰ ਹਨ। ਇਹ ਉਨ੍ਹਾਂ ਸਾਰਿਆਂ ਲਈ ਸਪੱਸ਼ਟ ਹਨ ਜੋ ਉਨ੍ਹਾਂ ਨੂੰ ਪੜ੍ਹਦੇ ਹਨ, ਜਿਵੇਂ ਕਿ ਅਸੀਂ ਵੇਖਾਂਗੇ ਜਦੋਂ ਅੱਯੂਬ ਦੀ ਪੁਸਤਕ ਦੇ ਸੰਦੇਸ਼ ਦੀ ਵਿਸਥਾਰ ਨਾਲ ਜਾਂਚ ਕਰਾਂਗੇ।

ਅੱਯੂਬ ਅਤੇ ਉਸ ਦਾ ਪਿਛੋਕੜ ਦੱਸਿਆ ਗਿਆ (1:1-5)

1ਅੱਯੂਬ ਨਾਮੇ ਊਸ ਦੇ ਦੇਸ ਵਿੱਚ ਇੱਕ ਮਨੁੱਖ ਸੀ ਅਤੇ ਉਹ ਇੱਕ ਪੂਰਾ ਤੇ ਖਰਾ ਮਨੁੱਖ ਸੀ ਜੋ ਪਰਮੇਸ਼ੁਰ ਤੋਂ ਡਰਦਾ ਅਤੇ ਬਦੀ ਤੋਂ ਪਰੇ ਰਹਿੰਦਾ ਸੀ। 2ਅਤੇ ਉਹ ਦੇ ਸੱਤ ਪੁੱਤ੍ਰ ਤੇ ਤਿੰਨ ਧੀਆਂ ਜੰਮੇ। 3ਉਹ ਦਾ ਮਾਲ ਸੱਤ ਹਜ਼ਾਰ ਭੇਡਾਂ, ਤਿੰਨ ਹਜ਼ਾਰ ਊਠ, ਪੰਜ ਸੌ ਜੋੜੀ ਬਲਦ ਅਤੇ ਪੰਜ ਸੌ ਗਧੀਆਂ, ਅਤੇ ਉਹ ਦੇ ਬਹੁਤੇ ਸਾਰੇ ਨੌਕਰ ਚਾਕਰ ਸਨ ਇਉਂ ਉਹ ਪੂਰਬ ਦੇ ਸਾਰੇ ਲੋਕਾਂ ਵਿੱਚ ਸਭ ਤੋਂ ਵੱਡਾ ਮਨੁੱਖ ਸੀ। 4ਉਹ ਦੇ ਪੁੱਤ੍ਰ ਜਾ ਕੇ ਆਪਣੇ ਆਪਣੇ ਦਿਨਾਂ ਤੇ ਆਪਣੇ ਘਰਾਂ ਵਿੱਚ ਦਾਉਤ ਕਰਦੇ ਹੁੰਦੇ ਸਨ, ਓਹ ਆਪਣੀਆਂ ਤਿੰਨਾਂ ਭੈਣਾਂ ਨੂੰ ਖਾਣ ਪੀਣ ਲਈ ਆਪਣੇ ਕੋਲ ਸੱਦ ਘੱਲਦੇ ਸਨ। 5ਇਉਂ ਜਦ ਉਨ੍ਹਾਂ ਦੀ ਦਾਉਤ ਦੇ ਦਿਨ ਬੀਤ ਜਾਂਦੇ ਤਾਂ ਅੱਯੂਬ ਉਨ੍ਹਾਂ ਨੂੰ ਸੱਦ ਲੈਂਦਾ ਅਤੇ ਉਨ੍ਹਾਂ ਨੂੰ ਪਵਿੱਤ੍ਰ ਕਰਦਾ ਹੁੰਦਾ ਸੀ ਅਤੇ ਸਵੇਰੇ ਹੀ ਉੱਠ ਕੇ ਉਨ੍ਹਾਂ ਸਾਰਿਆਂ ਦੀ ਗਿਣਤੀ ਅਨੁਸਾਰ ਹੋਮ ਦੀਆਂ ਬਲੀਆਂ ਚੜ੍ਹਾਉਂਦਾ ਹੁੰਦਾ ਸੀ ਕਿਉਂ ਜੋ ਅੱਯੂਬ ਆਖਦਾ ਸੀ ਭਈ ਕਿਤੇ ਮੇਰੇ ਪੁੱਤ੍ਰਾਂ ਨੇ ਪਾਪ ਕੀਤਾ ਹੋਵੇ ਅਤੇ ਆਪਣੇ ਮਨ ਵਿੱਚ ਪਰਮੇਸ਼ੁਰ ਨੂੰ ਫਿਟਕਾਰਿਆ ਹੋਵੇ। ਅੱਯੂਬ ਆਪਣੇ ਸਾਰੇ ਦਿਨ ਇਉਂ ਹੀ ਕਰਦਾ ਹੁੰਦਾ ਸੀ।

ਆਇਤ 1. ਅੱਯੂਬ ਨਾਮੇ ਊਸ ਦੇ ਦੇਸ ਵਿੱਚ ਇੱਕ ਮਨੁੱਖ ਸੀ। ਜ਼ਿਆਦਾਤਰ ਇਬਰਾਨੀ ਵਾਕ ਇਕ ਕਿਰਿਆ ਨਾਲ ਸ਼ੁਰੂ ਹੁੰਦੇ ਹਨ ਅਤੇ ਇਸ ਦੇ ਬਾਅਦ ਕਰਤਾ ਅਤੇ ਮਨੋਰਥ ਹੁੰਦੇ ਹਨ। ਇਹ ਆਇਤ ਅਤੇ ਪੁਸਤਕ, "ਮਨੁੱਖ" (אִישׁ, *ਇਸ਼)* ਨਾਲ ਸ਼ੁਰੂ ਹੁੰਦੀ ਹੈ। ਰੌਬਰਟ ਐਲ. ਐਲਡਨ ਨੇ ਪੁੱਛਿਆ, "ਕੀ ਇਹ ਹੋ ਸਕਦਾ ਹੈ ਕਿ ਮਨੁੱਖਤਾ, ਦ੍ਰਿੜ੍ਹਤਾ, ਪ੍ਰਮੁੱਖ ਪਾਤਰ ਦੀ ਕਮਜ਼ੋਰੀ 'ਇਕ ਮਨੁੱਖ' ਨੂੰ ਪਹਿਲਾ ਸ਼ਬਦ ਬਣਾਉਣ ਵਿਚ ਮੂਲ ਲਿਖਤ ਦਾ ਮੁੱਖ ਬਿੰਦੂ ਹੈ?"[4] ਇਹ ਪੁਸਤਕ ਅਸਲੀਅਤ ਦੀ ਤਸਵੀਰ ਨਾਲ ਖੁੱਲ੍ਹਦੀ ਹੈ। ਅੱਯੂਬ ਇਕ ਅਸਲੀ ਮਨੁੱਖ ਸੀ ਜਿਹੜਾ ਜੀਉਂਦਾ ਅਤੇ ਪਰਮੇਸ਼ੁਰ ਦੀ ਸੇਵਾ ਕਰਦਾ ਸੀ।

"ਊਸ ਦੇਸ" ਨੂੰ ਸਕਾਰਾਤਮਕ ਤੌਰ ਤੇ ਪਛਾਣਿਆ ਨਹੀਂ ਗਿਆ ਹੈ। ਰਵਾਇਤ ਇਸ ਨੂੰ ਇਸ ਨੂੰ ਫਲਿਸਤੀਨ ਦੇ ਪੂਰਬ ਜਾਂ ਉੱਤਰ-ਪੂਰਬ ਵਿਚ ਕਿਤੇ ਲੱਭਦੀ ਹੈ।

ਉਹ ਇੱਕ ਪੂਰਾ ਤੇ ਖਰਾ ਮਨੁੱਖ ਸੀ ਜੋ ਪਰਮੇਸ਼ੁਰ ਤੋਂ ਡਰਦਾ ਅਤੇ ਬਦੀ ਤੋਂ ਪਰੇ ਰਹਿੰਦਾ ਸੀ। ਇਹ ਸਿਰਫ ਲੇਖਕ ਦਾ ਅੱਯੂਬ ਬਾਰੇ ਅਨੁਮਾਨ ਨਹੀਂ ਸੀ, ਪਰ ਪਰਮੇਸ਼ੁਰ ਦਾ ਵੀ ਇਹੀ ਅਨੁਮਾਨ ਸੀ (1:8; 2:3)। "ਪੂਰਾ" ਲਈ ਜੋ ਇਬਰਾਨੀ ਸ਼ਬਦ תָּם *(ਥੈਮ)* ਵਰਤਿਆ ਗਿਆ ਹੈ ਉਸ ਦਾ ਅਰਥ ਹੈ, "ਸੰਪੂਰਨ," "ਚੰਗੇ ਵਰਤਾਓ ਵਾਲਾ," "ਦੋਸ਼ ਰਹਿਤ," ਜਾਂ "ਸਿੱਧਾ।"[5] ਸੈਪਟੂਏਜਿੰਟ ਇਬਰਾਨੀ ਸ਼ਬਦ ਦਾ ਅਨੁਵਾਦ ἀληθινός ***(ਅਲੇਥੀਨੋਸ)*** ਨਾਲ ਕਰਦਾ ਹੈ ਜਿਸ ਦਾ ਅਰਥ ਹੈ "ਸੱਚਾ।" "ਖਰਿਆਈ" ਦਾ ਇਹ ਵਿਚਾਰ ਅੱਗੇ ਆਉਣ ਵਾਲੇ ਵਾਰਤਾਲਾਪਾਂ ਦਾ ਕੇਂਦਰੀ ਮੁੱਦਾ ਹੈ। ਅੱਯੂਬ ਨੇ ਆਪਣੇ ਦੁੱਖਾਂ ਦੇ ਬਾਵਜੂਦ ਅਤੇ ਉਸ ਦੇ ਦੋਸਤਾਂ

ਦੁਆਰਾ ਲਾਏ ਦੋਸ਼ਾਂ ਦੇ ਬਾਵਜੂਦ ਆਪਣੀ ਖਰਿਆਈ ਜਾਂ ਨਿਰਦੋਸ਼ਤਾ ਨੂੰ ਬਣਾਈ ਰੱਖਿਆ। ਇਹ ਸ਼ਬਦ ਇਹ ਸੰਕੇਤ ਨਹੀਂ ਦਿੰਦਾ ਕਿ ਉਹ ਬਿਲਕੁਲ ਪਾਪ ਤੋਂ ਰਹਿਤ ਸੀ। ਅੱਯੂਬ ਨੇ ਪਾਪ ਰਹਿਤ ਹੋਣ ਦਾ ਦਾਅਵਾ ਨਹੀਂ ਕੀਤਾ (7:20, 21; 9:2, 15; 10:6; 14:16, 17); ਪਰ ਉਸ ਨੇ ਇਹ ਸਵੀਕਾਰ ਕਰਨ ਤੋਂ ਇਨਕਾਰ ਕਰ ਦਿੱਤਾ ਕਿ ਉਸ ਦੇ ਦੁੱਖਾਂ ਦੀ ਵਿਸ਼ਾਲਤਾ ਸਿੱਧੇ ਤੌਰ ਤੇ ਉਸ ਦੇ ਆਪਣੇ ਪਾਪ ਨਾਲ ਸੰਬੰਧਤ ਸੀ।

"ਖਰਾ" (יָשָׁר, *ਯਸ਼ਰ)* ਇਕ ਵਿਸ਼ੇਸ਼ਣ ਹੈ ਜੋ ਕਈ ਵਾਰ ਇਕ ਨਾਂਵ ("ਧਰਮੀ"; ਜ਼ਬੂਰ 11:2, 7) ਦੇ ਤੌਰ ਤੇ ਵਰਤਿਆ ਜਾਂਦਾ ਹੈ। ਇਬਰਾਨੀ ਸ਼ਬਦ ਦਾ ਅਨੁਵਾਦ "ਸਿੱਧਾ," "ਨਿਰਵਿਘਨ," "ਸਹੀ" ਅਤੇ "ਉਚਿਤ" ਵਜੋਂ ਕੀਤਾ ਜਾ ਸਕਦਾ ਹੈ।[6] ਇਹ ਆਮ ਤੌਰ ਤੇ ਹੋਰ ਨੈਤਿਕ ਸ਼ਬਦਾਂ ਨਾਲ ਪਾਇਆ ਜਾਂਦਾ ਹੈ ਜਿਵੇਂ ਕਿ "ਸਚਿਆਰ," "ਧਰਮੀ," "ਚੰਗਾ," "ਸੱਚਾ," "ਦੋਸ਼ ਰਹਿਤ" ਅਤੇ ਸ਼ੁੱਧ" (ਬਿਵਸਥਾ ਸਾਰ 32:4; 2 ਇਤਹਾਸ 31:20; ਅੱਯੂਬ 1:8; 2:3; 8:6)।

ਬਾਈਬਲ ਦੇ ਵਿਚਾਰ ਅਨੁਸਾਰ, "ਪਰਮੇਸ਼ੁਰ ਤੋਂ ਡਰਦਾ" (יְרֵא אֱלֹהִים, *ਯੇਰੇ ਇਲੋਹਿਮ)* ਇਕ ਆਗਿਆਕਾਰੀ ਨਿਹਚਾ ਦਾ ਕੇਂਦਰ ਹੈ। ਸੁਲੇਮਾਨ ਨੇ ਲਿਖਿਆ: "ਯਹੋਵਾਹ ਦਾ ਭੈ ਗਿਆਨ ਦਾ ਮੂਲ ਹੈ" (ਕਹਾਉਤਾਂ 1:7)। ਇੱਥੇ ਪੇਸ਼ ਕੀਤਾ ਵਿਚਾਰ ਇਕ ਸਹੀ ਸਤਿਕਾਰ ਜਾਂ ਪਰਮੇਸ਼ੁਰ ਨੂੰ ਦਿੱਤੇ ਆਦਰ ਦਾ ਹੈ। ਉਪਦੇਸ਼ਕ ਦੀ ਪੋਥੀ ਵਿਚ, ਪਰਚਾਰਕ ਨੇ ਇਹ ਕਹਿੰਦੇ ਹੋਏ ਆਪਣੇ ਉਪਦੇਸ਼ ਨੂੰ ਖਤਮ ਕੀਤਾ, "ਹੁਣ ਅਸੀਂ ਸਾਰੇ ਬਚਨਾਂ ਦਾ ਸਾਰ ਸੁਣੀਏ, - ਪਰਮੇਸ਼ੁਰ ਕੋਲੋਂ ਡਰ ਅਤੇ ਉਹ ਦੀਆਂ ਆਗਿਆਂ ਨੂੰ ਮੰਨ ਕਿਉਂ ਜੋ ਇਨਸਾਨ ਦਾ ਇਹੋ ਰਿਣ ਹੈ" (12:13)।

"ਬਦੀ ਤੋਂ ਪਰੇ ਰਹਿੰਦਾ ਹੈ" ਅੱਯੂਬ ਦੇ ਇਸ ਕਮਾਲ ਦੇ ਵਰਣਨ ਨੂੰ ਪੂਰਾ ਕਰਦਾ ਹੈ। ਉਸ ਮਨੁੱਖ ਦਾ ਇਹ ਕਿੰਨਾ ਸੋਹਣਾ ਵਰਣਨ ਹੈ ਜਿਹੜਾ ਪਰਮੇਸ਼ੁਰ ਨਾਲ ਸੰਗਤੀ ਵਿਚ ਰਹਿੰਦਾ ਸੀ!

ਆਇਤ 2. ਅੱਯੂਬ ਦੇ **ਸੱਤ ਪੁੱਤ੍ਰ ਤੇ ਤਿੰਨ ਧੀਆਂ** ਸਨ। ਇਹ ਵੱਡਾ ਪਰਿਵਾਰ ਰੱਬੀ ਬਰਤਕ ਦਾ ਇਕ ਸੰਕੇਤ ਸੀ: "ਜਿਵੇਂ ਸੂਰਮੇ ਦੇ ਹੱਥ ਵਿੱਚ ਬਾਣ, ਤਿਵੇਂ ਜੁਆਨੀ ਦੇ ਪੁੱਤ੍ਰ ਹਨ, ਧੰਨ ਹੈ ਉਹ ਮਰਦ ਜਿਹ ਦਾ ਤਰਕਸ਼ ਉਨ੍ਹਾਂ ਨਾਲ ਭਰਿਆ ਹੋਇਆ ਹੈ! ਅਜੇਹੇ ਸ਼ਰਮਿੰਦੇ ਨਾ ਹੋਣਗੇ ਜਦ ਓਹ ਆਪਣੇ ਵੈਰੀਆਂ ਨਾਲ ਫਾਟਕ ਵਿੱਚ ਗੱਲਾਂ ਕਰਨਗੇ" (ਜ਼ਬੂਰ 127:4, 5)। "ਸੱਤ" ਅਤੇ "ਤਿੰਨ" ਅੰਕ ਯਹੂਦੀ ਲੋਕਾਂ ਲਈ ਵਿਸ਼ੇਸ਼ ਮਹੱਤਵ ਰੱਖਦੇ ਸਨ। ਸੱਤ ਸੰਪੂਰਨਤਾ ਜਾਂ ਪੂਰਨਤਾ ਨੂੰ ਦਰਸਾਉਂਦਾ ਸੀ; ਸੱਤ ਅੰਕ ਹੋਣਾ ਇਕ ਆਦਰਸ਼ ਅੰਕ ਸੀ (ਰੂਥ 4:15)। ਤਿੰਨ ਅੰਕ ਵੀ ਮਹੱਤਵਪੂਰਣ ਸੀ, ਇਹ ਕਈ ਤਰ੍ਹਾਂ ਦੇ ਸੰਦਰਭਾਂ ਵਿਚ ਵਰਤਿਆ ਜਾ ਰਿਹਾ ਹੈ (ਉਤਪਤ 6:10; 18:2; 40:10, 12, 13, 16; ਅੱਯੂਬ 2:11)। ਨਵੇਂ ਨੇਮ ਦੇ ਦ੍ਰਿਸ਼ਟੀਕੋਣ ਤੋਂ, ਤਿੰਨ ਅੰਕ ਪਿਤਾ, ਪੁੱਤਰ ਅਤੇ ਪਵਿੱਤਰ ਆਤਮਾ (ਮੱਤੀ 28:19), ਨਾਲੇ ਮਨੁੱਖ ਦੀ ਪੂਰਨ ਏਕਤਾ (ਸਰੀਰ, ਪ੍ਰਾਣ ਅਤੇ ਆਤਮਾ; 1 ਥੱਸਲੁਨੀਕੀਆਂ 5:13) ਨੂੰ ਦਰਸਾਉਂਦਾ ਹੈ। ਕੁੱਲ ਮਿਲਾ ਕੇ ਅੱਯੂਬ ਦੇ ਦਸ ਬੱਚੇ ਸਨ, ਜੋ ਕਿ ਇਹ ਆਦਰਸ਼ ਅੰਕ ਵੀ ਸੀ (1 ਸਮੂਏਲ 1:8)।

ਆਇਤ 3. ਅੱਯੂਬ ਕੋਲ ਬਹੁਤ ਸਾਰਾ ਧਨ ਸੀ: **ਸੱਤ ਹਜ਼ਾਰ ਭੇਡਾਂ, ਤਿੰਨ ਹਜ਼ਾਰ ਊਠ, ਪੰਜ ਸੌ ਜੋੜੀ ਬਲਦ ਅਤੇ ਪੰਜ ਸੌ ਗਧੀਆਂ, ਅਤੇ ਉਹ ਦੇ ਬਹੁਤੇ ਸਾਰੇ ਨੌਕਰ ਚਾਕਰ ਸਨ। ਉਹ ਪੂਰਬ ਦੇ ਸਾਰੇ ਲੋਕਾਂ ਵਿੱਚ ਸਭ ਤੋਂ ਵੱਡਾ ਮਨੁੱਖ ਸੀ।** "ਪੂਰਬ" ਆਮ ਤੌਰ ਤੇ ਫਲਿਸਤੀਨ ਦੇ ਪੂਰਬ ਦੀ ਧਰਤੀ ਨੂੰ ਦਰਸਾਉਂਦਾ ਹੈ। ਯਿਸੂ ਦੇ ਜਨਮ ਦਾ ਸੁਆਗਤ ਕਰਨ ਦੇ ਲਈ ਜੋਤਸ਼ੀ ਪੂਰਬ ਤੋਂ ਆਏ ਸਨ (ਮੱਤੀ 2:1, 2)।

ਆਇਤ 4. ਅੱਯੂਬ ਕੋਲ ਨਾ ਸਿਰਫ ਬਹੁਤ ਸਾਰਾ ਧਨ ਸੀ, ਬਲਕਿ ਇਕ ਵੱਡਾ ਪਰਿਵਾਰ

ਵੀ ਸੀ ਜੋ ਇਕੱਠੇ ਹੋਣ ਦਾ ਅਨੰਦ ਮਾਣਦਾ ਸੀ। **ਉਹ ਦੇ ਪੁੱਤ੍ਰ** ਬਾਕਾਇਦਾ ਦਾਹਵਤ ਕਰਦੇ ਸਨ ਜਿਸ ਲਈ ਉਹ ਆਪਣੀਆਂ **ਭੈਣਾਂ** ਨੂੰ ਬੁਲਾਉਂਦੇ ਸਨ, ਇਕ ਅਜਿਹੀ ਰੀਤ ਜੋ ਕੁਝ ਟਿੱਪਣੀਕਾਰਾਂ ਨੇ ਟਿੱਪਣੀ ਕੀਤੀ ਸੀ ਕਿ ਉਸ ਸਮਾਜਕ ਸੰਦਰਭ ਵਿਚ ਅਨੋਖੀ ਸੀ।

ਆਇਤ 5. ਅੱਯੂਬ ਦੀ ਧਾਰਮਿਕਤਾ ਇਸ ਗੱਲ ਤੋਂ ਸਾਫ਼ ਜ਼ਾਹਰ ਹੁੰਦੀ ਹੈ ਕਿ ਉਹ ਆਪਣੇ ਬੱਚਿਆਂ ਨੂੰ **ਪਵਿੱਤ੍ਰ ਕਰਦਾ** ਸੀ ਅਤੇ ਉਨ੍ਹਾਂ ਦੇ ਲਈ ਬਲੀਆਂ **ਚੜ੍ਹਾਉਂਦਾ** ਸੀ। ਸੰਦਰਭ ਸਪੱਸ਼ਟ ਤੌਰ ਤੇ ਪਿੱਤਰਵਾਦੀ ਹੈ ਜਿੱਥੇ ਪਰਿਵਾਰ ਦੇ ਪਿਤਾ ਨੇ ਬੰਦਗੀ ਵਿਚ ਅਗਵਾਈ ਕੀਤੀ। **ਹੋਮ ਦੀਆਂ ਬਲੀਆਂ** (עֹלוֹת, *ਓਲੋਥ)* ਜਗਵੇਦੀ ਉੱਤੇ ਅੱਗ ਨਾਲ ਪੂਰੀ ਤਰ੍ਹਾਂ ਭਸਮ ਹੋ ਜਾਂਦੀਆਂ ਸਨ। ਇਹ ਬਲੀਆਂ ਆਮ ਤੌਰ ਤੇ ਪਾਪ ਦੇ ਲਈ ਪ੍ਰਾਸਚਿਤ ਹੁੰਦਾ ਸੀ (ਵੇਖੋ ਲੇਵੀਆਂ 1:3, 4)।

ਅੱਯੂਬ ਆਖਦਾ ਸੀ ਭਈ ਕਿਤੇ ਮੇਰੇ ਪੁੱਤ੍ਰਾਂ ਨੇ ਪਾਪ ਕੀਤਾ ਹੋਵੇ ਅਤੇ ਆਪਣੇ ਮਨ ਵਿੱਚ ਪਰਮੇਸ਼ੁਰ ਨੂੰ ਫਿਟਕਾਰਿਆ ਹੋਵੇ। ਅੱਯੂਬ ਉਨ੍ਹਾਂ ਤੇ ਪਾਪ ਦਾ ਦੋਸ਼ ਨਹੀਂ ਲਗਾ ਰਿਹਾ ਸੀ, ਪਰ ਉਸ ਦੀ ਸੁਚੇਤ ਸੋਚ ਨੇ ਬੰਦਗੀ ਬਾਰੇ ਉਸ ਦੀ ਗੰਭੀਰਤਾ ਦਾ ਸੰਕੇਤ ਦਿੱਤਾ ਸੀ। "ਫਿਟਕਾਰਨਾ" (בָּרַךְ, *ਬਰਕ)* ਸ਼ਬਦ ਅਸਲ ਵਿਚ "ਬਰਕਤ ਦੇਣਾ" ਸ਼ਬਦ ਹੈ।[7] ਹੋਮਰ ਹੇਲੀ ਨੇ ਟਿੱਪਣੀ ਕੀਤੀ ਸੀ ਕਿ "ਅਨੁਵਾਦ ਕੀਤਾ ਗਿਆ 'ਤਿਆਗ' (ਫਿਟਕਾਰਨਾ) ਸ਼ਬਦ ਦਾ ਅਨੁਵਾਦ ਅਕਸਰ ਸਲਾਮ ਵਿਚ ਜਾਂ ਜੁਦਾ ਹੋਣ ਵਿਚ "ਬਰਕਤ ਦੇਣਾ" ਕੀਤਾ ਜਾਂਦਾ ਹੈ ਅਤੇ ਇਸ ਲਈ ਉਨ੍ਹਾਂ ਨੇ ਪਰਮੇਸ਼ੁਰ ਨੂੰ 'ਅਲਵਿਦਾ' ਕਿਹਾ ਹੋ ਸਕਦਾ ਹੈ ਜਦੋਂ ਉਨ੍ਹਾਂ ਨੇ ਉਸ ਤੋਂ ਆਪਣੇ ਆਪ ਨੂੰ ਜੁਦਾ ਕਰ ਲਿਆ ਸੀ।"[8] ਹੋਰ ਮਾਮਲਿਆਂ ਵਿਚ ਵੀ *ਬਰਕ* ਦਾ ਅਰਥ "ਫਿਟਕਾਰਨਾ" ਹੈ (1 ਰਾਜਿਆਂ 21:10, 13; ਅੱਯੂਬ 1:11; 2:5, 9; ਜ਼ਬੂਰ 10:3)।

ਸ਼ਤਾਨ ਨੂੰ ਅੱਯੂਬ ਨੂੰ ਪਰਤਾਉਣ ਦੀ ਆਗਿਆ ਦਿੱਤੀ ਗਈ (1:6-12)

6ਇੱਕ ਦਿਨ ਇਉਂ ਹੋਇਆ ਕਿ ਪਰਮੇਸ਼ੁਰ ਦੇ ਪੁੱਤ੍ਰ ਆਏ ਭਈ ਯਹੋਵਾਹ ਦੇ ਸਨਮੁਖ
ਆਪਣੇ ਆਪ ਨੂੰ ਹਾਜ਼ਰ ਕਰਨ ਤਾਂ ਸ਼ਤਾਨ ਵੀ ਉਨ੍ਹਾਂ ਦੇ ਵਿੱਚ ਆਇਆ। 7ਯਹੋਵਾਹ ਨੇ
ਸ਼ਤਾਨ ਨੂੰ ਆਖਿਆ, ਤੂੰ ਕਿੱਥੋਂ ਆਇਆ ਹੈਂ? ਸ਼ਤਾਨ ਨੇ ਯਹੋਵਾਹ ਨੂੰ ਉੱਤਰ ਦੇ ਕੇ ਆਖਿਆ
ਕਿ ਪਿਰਥਵੀ ਵਿੱਚ ਘੁੰਮ ਫਿਰ ਕੇ ਅਤੇ ਉਸ ਵਿੱਚ ਸੈਲ ਕਰ ਕੇ ਆਇਆ ਹਾਂ। 8ਤਾਂ ਯਹੋਵਾਹ
ਨੇ ਸ਼ਤਾਨ ਨੂੰ ਆਖਿਆ, ਕੀ ਤੈਂ ਮੇਰੇ ਦਾਸ ਅੱਯੂਬ ਵੱਲ ਆਪਣੇ ਮਨ ਵਿੱਚ ਗੌਹ ਕੀਤਾ
ਕਿਉਂਕਿ ਪਿਰਥਵੀ ਵਿੱਚ ਉਹ ਦੇ ਜਿਹਾ ਕੋਈ ਨਹੀਂ? ਉਹ ਖਰਾ ਤੇ ਨੇਕ ਮਨੁੱਖ ਹੈ ਜੋ
ਪਰਮੇਸ਼ੁਰ ਤੋਂ ਡਰਦਾ ਅਤੇ ਬੁਰਿਆਈ ਤੋਂ ਦੂਰ ਰਹਿੰਦਾ ਹੈ। 9ਤਾਂ ਸ਼ਤਾਨ ਨੇ ਯਹੋਵਾਹ ਨੂੰ
ਉੱਤਰ ਦੇ ਕੇ ਆਖਿਆ, ਅੱਯੂਬ ਪਰਮੇਸ਼ੁਰ ਤੋਂ ਹਾੜੇ ਕੱਢੀ ਨਹੀਂ ਡਰਦਾ। 10ਕੀ ਤੈਂ ਉਸ ਦੇ
ਅਤੇ ਉਸ ਦੇ ਘਰ ਦੇ ਅਤੇ ਉਸ ਦੇ ਸਭ ਕਾਸੇ ਦੇ ਦੁਆਲੇ ਵਾੜ ਨਹੀਂ ਲਾ ਛੱਡੀ ਹੈ ਸੋ ਉਸ
ਦਾ ਮਾਲ ਧਰਤੀ ਵਿੱਚ ਵਧ ਗਿਆ ਹੈ? 11ਜ਼ਰਾ ਤੂੰ ਆਪਣਾ ਹੱਥ ਤਾਂ ਵਧਾ ਅਤੇ ਜੋ ਕੁਝ
ਉਸ ਦਾ ਹੈ ਉਸ ਨੂੰ ਛੋਹ। ਉਹ ਤੇਰੇ ਮੂੰਹ ਉੱਤੇ ਫਿਟਕਾਰਾਂ ਪਾਊਗਾ। 12ਤਾਂ ਯਹੋਵਾਹ ਨੇ
ਸ਼ਤਾਨ ਨੂੰ ਆਖਿਆ ਕਿ ਵੇਖ, ਉਸ ਦਾ ਸਭ ਕੁਝ ਤੇਰੇ ਹੱਥ ਵਿੱਚ ਹੈ। ਕੇਵਲ ਉਸ ਨੂੰ ਹੱਥ
ਨਾ ਲਾਵੀਂ। ਤਾਂ ਸ਼ਤਾਨ ਯਹੋਵਾਹ ਦੇ ਹਜ਼ੂਰੋਂ ਚੱਲਿਆ ਗਿਆ।

ਆਇਤ 6. ਪਰਮੇਸ਼ੁਰ ਦੇ ਪੁੱਤ੍ਰ ਕੌਣ ਸਨ? ਜੇਮਸ ਬਰਟਨ ਕੌਫਮੈਨ ਨੇ ਆਖਿਆ ਕਿ "'ਪਰਮੇਸ਼ੁਰ ਦੇ ਪੁੱਤ੍ਰ' ਦਾ ਸਧਾਰਣ ਅਰਥ ਸਿਰਫ ਉਹ '*ਮਨੁੱਖ* ਜਿਹੜੇ ਪਰਮੇਸ਼ੁਰ ਦੀ ਬੰਦਗੀ

ਕਰਦੇ ਹਨ ਹੈ।"[9] ਇਹ ਨਿਸ਼ਚਤ ਤੌਰ ਤੇ ਸੱਚ ਹੈ (ਰੋਮੀਆਂ 8:14; ਇਬਰਾਨੀਆਂ 12:7, 8)। ਉਤਪਤ 6:2, 4 ਵਿਚ ਵੀ ਇਹੀ ਅਰਥ ਹੈ, ਹਾਲਾਂਕਿ, ਅੱਯੂਬ 38:7 ਵਿਚ ਸੰਦਰਭ ਸੁਰਗੀ ਦੂਤਾਂ ਨੂੰ ਦਰਸਾਉਂਦਾ ਹੈ।[10] ਆਇਤ 6 ਦੇ ਸੰਦਰਭ ਵਿਚ ਇਹ ਵੀ ਜ਼ਰੂਰੂ ਹੈ ਕਿ ਵਾਕ ਨੂੰ ਦੂਤਾਂ ਦੇ ਹਵਾਲੇ ਵਜੋਂ ਸਮਝਿਆ ਜਾਵੇ। ਸਾਡੇ ਕੋਲ ਇੱਥੇ ਪਰਮੇਸ਼ੁਰ ਦੀ ਨਿੱਜੀ ਨਾਮ (יהוה, *ਯਾਹਵੇਹ)*, "ਯਹੋਵਾਹ" ਦੀ ਪਹਿਲੀ ਵਰਤੋਂ ਹੈ ਜਿਸ ਲਈ ਇਬਰਾਨੀ ਸ਼ਬਦਾਂ ਨੂੰ ਹਮੇਸ਼ਾ ਵਚਨ ਦੇ ਜ਼ੁਬਾਨੀ ਪਾਠ ਵਿਚ "ਯਹੋਵਾਹ" (אֲדֹנָי, *ਅਡੋਨੇ)* ਦੀ ਥਾਂ ਦਿੰਦੇ ਹਨ। NASB ਬਾਈਬਲ ਵਿਚ ਯਹੋਵਾਹ ਵੱਡੇ ਅੱਖਰਾਂ ਵਿਚ ਹੈ। (12:7-10; 28:28 ਤੇ ਟਿੱਪਣੀਆਂ ਵੇਖੋ [ਨੰ. 18]।)

ਸ਼ਤਾਨ ਵੀ ਉਨ੍ਹਾਂ ਦੇ ਵਿੱਚ ਆਇਆ। ਇਬਰਾਨੀ ਵਿਚ "ਸ਼ਤਾਨ" ਹੈ। ਜ਼ਿਆਦਾਤਰ ਟਿੱਪਣੀਕਾਰ ਟਿੱਪਣੀ ਕਰਦੇ ਹਨ ਕਿ ਇਹ ਸ਼ਬਦ ਅਜੇ ਇਕ ਨਿੱਜੀ ਨਾਮ ਨਹੀਂ ਸੀ ਪਰ ਇਕ ਸਿਰਲੇਖ ਸੀ ਜਿਸ ਦਾ ਅਨੁਵਾਦ "ਵਿਰੋਧੀ" ਕੀਤਾ ਜਾਣਾ ਚਾਹੀਦਾ ਹੈ।[11] ਉਹ ਇਕ ਵੱਖਰੀ ਸ਼ਖ਼ਸੀਅਤ ਹੈ ਜਿਹੜਾ ਮਨੁੱਖਾਂ ਤੇ ਦੋਸ਼ ਲਗਾਉਂਦਾ ਅਤੇ ਉਨ੍ਹਾਂ ਦਾ ਵਿਰੋਧ ਕਰਦਾ ਹੈ। ਉਸ ਨੂੰ ਇੱਥੇ ਪਰਮੇਸ਼ੁਰ ਦੀ ਹਜ਼ੂਰੀ ਵਿਚ ਉਹ ਵਜੋਂ ਦਰਸਾਇਆ ਗਿਆ ਹੈ ਜਿਹੜਾ ਮਨੁੱਖੀ ਕਮਜ਼ੋਰੀਆਂ ਦਾ ਪਰਦਾਫਾਸ਼ ਕਰਨਾ ਚਾਹੁੰਦਾ ਹੈ।

ਆਇਤ 7. ਤੂੰ ਕਿੱਥੋਂ ਆਇਆ ਹੈਂ? ਸ਼ਤਾਨ ਨੂੰ ਯਹੋਵਾਹ ਦੇ ਸਵਾਲ ਪੁੱਛਣ ਦਾ ਅਰਥ ਇਹ ਨਹੀਂ ਹੈ ਕਿ ਯਹੋਵਾਹ ਨੂੰ ਦੋਸ਼ ਲਾਉਣ ਵਾਲੇ ਦੀਆਂ ਗਤੀਵਿਧੀਆਂ ਦੀ ਕੋਈ ਜਾਣਕਾਰੀ ਨਹੀਂ ਸੀ। ਬਲਕਿ, ਇਹ ਮਨੁੱਖਾਂ ਵਿਚ ਸ਼ਤਾਨ ਦੀ ਗਤੀਵਿਧੀ ਨੂੰ ਸਮਝਣ ਲਈ ਸਾਡੇ ਲਈ ਇਕ ਸੰਦਰਭ ਪ੍ਰਦਾਨ ਕਰਦਾ ਹੈ।

ਪਿਰਥਵੀ ਵਿੱਚ ਘੁੰਮ ਫਿਰ ਕੇ ਅਤੇ ਉਸ ਵਿੱਚ ਸੈਲ ਕਰ ਕੇ ਆਇਆ ਹਾਂ। ਇਸ ਵਿਚ ਕੋਈ ਸੰਦੇਹ ਨਹੀਂ ਹੈ ਕਿ ਸ਼ਤਾਨ ਦੀਆਂ ਹਰਕਤਾਂ ਦਾ ਉਦੇਸ਼ ਉਨ੍ਹਾਂ ਲੋਕਾਂ ਦੀ ਭਾਲ ਕਰਨਾ ਸੀ ਜਿਹੜੇ ਪਰਮੇਸ਼ੁਰ ਨੂੰ ਤਿਆਗ ਦਿੰਦੇ ਹਨ। ਪੌਲੁਸ ਰਸੂਲ ਨੇ ਚਿਤਾਵਨੀ ਦਿੱਤੀ ਸੀ, "ਸੁਚੇਤ ਹੋਵੋ, ਜਾਗਦੇ ਰਹੋ! ਤੁਹਾਡਾ ਵਿਰੋਧੀ ਸ਼ਤਾਨ ਬੁਕਦੇ ਸ਼ੀਂਹ ਵਾਂਙੁ ਭਾਲਦਾ ਫਿਰਦਾ ਹੈ ਭਈ ਕਿਹ ਨੂੰ ਪਾੜ ਖਾਵਾਂ!" (1 ਪਤਰਸ 5:8)।

ਆਇਤ 8. ਕੀ ਤੈਂ ਮੇਰੇ ਦਾਸ ਅੱਯੂਬ ਵੱਲ ਆਪਣੇ ਮਨ ਵਿੱਚ ਗੌਹ ਕੀਤਾ? ਇਸ ਪ੍ਰਸ਼ਨ ਦਾ ਹੋਰ ਸ਼ਾਬਦਿਕ ਅਨੁਵਾਦ ਕੀਤਾ ਜਾ ਸਕਦਾ ਹੈ ਜੋ ਕਿ ਇਸ ਤਰ੍ਹਾਂ ਹੋਵੇਗਾ ਕਿ "ਕੀ ਤੂੰ ਮੇਰੇ ਦਾਸ ਉੱਤੇ ਆਪਣਾ ਧਿਆਨ ਲਗਾਇਆ?" "ਮੇਰੇ ਦਾਸ" ਵਰਣਨ ਅੱਯੂਬ ਨੂੰ ਪੁਰਾਣੇ ਨੇਮ ਦੇ ਮਹਾਨ ਉਪਾਸਕਾਂ ਵਿਚ ਰੱਖਦਾ ਹੈ ਜਿਨ੍ਹਾਂ ਵਿਚ ਸ਼ਾਮਲ ਹਨ: ਅਬਰਾਹਾਮ (ਜ਼ਬੂਰ 105:6, 42), ਯਾਕੂਬ (ਯਸਾਯਾਹ 41:8), ਮੂਸਾ (ਕੂਚ 14:31), ਦਾਊਦ (2 ਸਮੂਏਲ 7:5, 8) ਅਤੇ ਯਸਾਯਾਹ 20:3)।

ਅੱਯੂਬ ਸੱਚਮੁੱਚ ਗੁਣ ਦਾ ਆਦਰਸ਼ ਸੀ! ਉਸ ਦੇ ਬਾਰੇ ਪਰਮੇਸ਼ੁਰ ਦਾ ਆਪਣਾ ਅਨੁਮਾਨ ਸੀ ਕਿ ਉਹ ਬਹੁਤ ਖਾਸ ਸੀ: **ਪਿਰਥਵੀ ਵਿੱਚ ਉਹ ਦੇ ਜਿਹਾ ਕੋਈ ਨਹੀਂ।** ਯਹੋਵਾਹ ਨੇ ਇੱਥੇ ਅੱਯੂਬ ਦੇ ਉਹੀ ਚਾਰ ਗੁਣ ਦੁਹਰਾਏ ਹਨ ਜੋ ਆਇਤ 1 ਵਿਚ ਦਿੱਤੇ ਗਏ ਹਨ: **ਖਰਾ, ਨੇਕ, ਪਰਮੇਸ਼ੁਰ ਤੋਂ ਡਰਦਾ ਅਤੇ ਬੁਰਿਆਈ ਤੋਂ ਦੂਰ ਰਹਿੰਦਾ ਹੈ।**

ਆਇਤ 9. ਅੱਯੂਬ ਪਰਮੇਸ਼ੁਰ ਤੋਂ ਹਾੜੇ ਕੱਢੀ ਨਹੀਂ ਡਰਦਾ। ਇਹ ਬਿਰਤਾਂਤ ਦਾ ਆਰੰਭਕ ਬਿੰਦੂ ਹੈ। ਦੋਸ਼ ਲਗਾਉਣ ਵਾਲਾ ਕਹਿ ਰਿਹਾ ਸੀ, "ਹਰ ਮਨੁੱਖ ਦੀ ਆਪਣੀ ਕੀਮਤ ਹੁੰਦੀ ਹੈ!" ਕੋਈ ਵੀ ਸ਼ੁਕਰਗੁਜਾਰੀ ਨਾਲ ਪਰਮੇਸ਼ੁਰ ਦੀ ਸੇਵਾ ਨਹੀਂ ਕਰਦਾ। ਉਸ ਨੇ ਅੱਯੂਬ ਨੂੰ ਆਤਮ-ਸੁਆਰਥੀ ਉਪਾਸਕ ਵਜੋਂ ਵੇਖਿਆ ਜਿਹੜਾ ਸਿਰਫ ਉਸ ਨੂੰ ਮਿਲਣ ਵਾਲੀਆਂ ਬਰਕਤਾਂ ਕਰਕੇ ਪਰਮੇਸ਼ੁਰ ਦੀ ਉਪਾਸਨਾ ਕਰਦਾ ਸੀ। ਪੁਸਤਕ ਦਾ ਵਿਸ਼ਾ ਇਸ ਪ੍ਰਸ਼ਨ ਵਿਚ

ਸ਼ਾਮਲ ਕੀਤਾ ਗਿਆ ਹੈ। ਇਹ ਪੁਸਤਕ ਮਨੁੱਖੀ ਦੁੱਖਾਂ ਦੀ ਵਿਆਖਿਆ ਕਰਨ ਲਈ ਨਹੀਂ ਲਿਖੀ ਗਈ ਸੀ, ਜਿਹੜਾ ਕਿ ਪਰਤਾਉਣ ਵਾਲਾ ਪੱਥਰ ਹੈ,[12] ਪਰ ਨਿਸ਼ਕਾਮ ਧਰਮ ਨੂੰ ਉੱਚਾ ਕਰਨ ਦੇ ਲਈ ਲਿਖੀ ਗਈ ਸੀ। ਕੀ ਪਰਮੇਸ਼ੁਰ ਜੀਵਨ ਦੇ ਸਾਰੇ ਹਾਲਾਤਾਂ - ਚੰਗੇ ਅਤੇ ਬੁਰੇ ਦੋਵੇਂ - ਵਿਚ ਬੰਦਗੀ ਦੇ ਯੋਗ ਹੈ? ਉੱਤਰ ਹੈ ਹਾਂ।

ਆਇਤ 10. ਸ਼ਤਾਨ ਨੇ ਫਿਰ ਪਰਮੇਸ਼ੁਰ ਨੂੰ ਆਖਿਆ ਕਿ ਉਸ ਨੇ ਅੱਯੂਬ ਦੇ ਆਲੇ-ਦੁਆਲੇ ਵਾੜ ਲਾਈ ਹੋਈ ਸੀ। ਚੋਰਾਂ ਅਤੇ ਜੰਗਲੀ ਜਾਨਵਰਾਂ ਤੋਂ ਬਚਾਅ ਲਈ ਅੰਗੂਰੀ ਬਾਲ ਦੁਆਲੇ ਅਕਸਰ ਕੰਢਿਆਂ ਦੀ "ਇਕ ਵਾੜ" ਲਾਈ ਜਾਂਦੀ ਸੀ (ਯਸਾਯਾਹ 5:5; ਹੋਸ਼ੇਆ 2:6)। ਸ਼ਤਾਨ ਨੇ ਆਖਿਆ ਕਿ ਪਰਮੇਸ਼ੁਰ ਨੇ ਅੱਯੂਬ ਨੂੰ **ਸਭ ਕਾਸੇ ਦੇ ਦੁਆਲੇ** ਸੁਰੱਖਿਆ ਅਤੇ ਬਰਕਤ ਦਿੱਤੀ ਸੀ।

ਆਇਤ 11. ਜ਼ਰਾ ਤੂੰ ਆਪਣਾ ਹੱਥ ਤਾਂ ਵਧਾ ਅਤੇ ਜੋ ਕੁਝ ਉਸ ਦਾ ਹੈ ਉਸ ਨੂੰ ਛੋਹ। ਉਹ ਤੇਰੇ ਮੂੰਹ ਉੱਤੇ ਫਿਟਕਾਰਾਂ ਪਾਊਗਾ। "ਜ਼ਰਾ" (וְאוּלָם, *ਵੀ'ਉਲਮ)* ਇਕ ਸਖ਼ਤ ਵਿਰੋਧੀ ਹੈ: "ਪਰ ਸੱਚਮੁੱਚ, ਪਰ ਕੰਮ ਵਿਚ।" ਚੁਣੌਤੀ ਦੇ ਦਿੱਤੀ ਗਈ ਸੀ। ਕੀ ਪਰਮੇਸ਼ੁਰ ਇਸ ਚੁਣੌਤੀ ਨੂੰ ਸਵੀਕਾਰ ਕਰੇਗਾ? ਕੀ ਅੱਯੂਬ ਪਰਮੇਸ਼ੁਰ ਦੀ ਸੇਵਾ ਕਰਦਾ ਜੇਕਰ ਉਸ ਦਾ ਸਾਰਾ ਧਨ ਦੌਲਤ ਉਸ ਕੋਲੋਂ ਖੋਹ ਲਿਆ ਜਾਂਦਾ? ਕੀ ਉਹ ਤਦ ਵੀ ਵਫ਼ਾਦਾਰ ਰਹਿੰਦਾ ਜੇਕਰ ਉਸ ਨੂੰ ਅੱਗ ਨਾਲ ਪਰਤਾਇਆ ਜਾਂਦਾ? "ਫਿਟਕਾਰਨਾ" ਉਹੀ ਸ਼ਬਦ ਹੈ ਜੋ ਆਇਤ 5 ਵਿਚ ਵਰਤਿਆ ਗਿਆ ਸੀ।

ਆਇਤ 12. ਵੇਖ, ਉਸ ਦਾ ਸਭ ਕੁਝ ਤੇਰੇ ਹੱਥ ਵਿੱਚ ਹੈ। ਕੇਵਲ ਉਸ ਨੂੰ ਹੱਥ ਨਾ ਲਾਵੀਂ। ਯਹੋਵਾਹ ਨੇ ਅੱਯੂਬ ਨੂੰ ਪਰਤਾਉਣ ਦੀ ਆਗਿਆ ਦੇ ਦਿੱਤੀ ਪਰ ਉਸ ਨੇ ਇਸ ਪਰਤਾਵੇ ਦੀ ਇਕ ਹੱਦ ਰੱਖੀ। ਮਸੀਹੀ ਹੋਣ ਦੇ ਨਾਤੇ ਸਾਡੇ ਕੋਲ ਉਹੋ ਜਿਹਾ ਹੀ ਵਾਅਦਾ ਹੈ:

> ਤੁਹਾਡੇ ਉੱਤੇ ਇਹੋ ਜਿਹਾ ਕੋਈ ਪਰਤਾਵਾ ਨਹੀਂ ਪਿਆ ਜੋ ਮਨੁੱਖ ਤੋਂ ਨਹੀਂ ਝੱਲਿਆ ਜਾਂਦਾ ਪਰੰਤੂ ਪਰਮੇਸ਼ੁਰ ਵਫ਼ਾਦਾਰ ਹੈ ਜੋ ਤੁਹਾਡੀ ਸ਼ਕਤੀਓਂ ਬਾਹਰ ਤੁਹਾਨੂੰ ਪਰਤਾਵੇ ਵਿੱਚ ਨਹੀਂ ਪੈਣ ਦੇਵੇਗਾ ਸਗੋਂ ਪਰਤਾਵੇ ਦੇ ਨਾਲ ਹੀ ਬਚ ਜਾਣ ਦਾ ਉਪਾਓ ਵੀ ਕੱਢ ਦੇਵੇਗਾ ਭਈ ਤੁਸੀਂ ਝੱਲ ਸੱਕੋ (1 ਕੁਰਿੰਥੀਆਂ 10:13)।

ਅੱਯੂਬ ਦਾ ਆਫ਼ਤਾਂ ਨਾਲ ਘੇਰਿਆ ਜਾਣਾ (1:13-19)

**13ਐਉਂ ਹੋਇਆ ਕਿ ਇੱਕ ਦਿਨ ਉਸ ਦੇ ਪੁੱਤ੍ਰ ਅਰ ਧੀਆਂ ਆਪਣੇ ਵੱਡੇ ਭਰਾ ਦੇ ਘਰ
ਖਾਂਦੇ ਅਤੇ ਮੈ ਪੀਂਦੇ ਸਨ 14ਤਾਂ ਇੱਕ ਦੂਤ ਅੱਯੂਬ ਕੋਲ ਆਇਆ ਅਤੇ ਆਖਿਆ ਕਿ ਬਲਦ
ਹਲੀਂ ਜੁੜੇ ਹੋਏ ਸਨ ਅਤੇ ਗਧੀਆਂ ਉਨ੍ਹਾਂ ਦੇ ਕੋਲ ਚੁਗ ਰਹੀਆਂ ਸਨ। 15ਸਬਾ ਦੇ ਲੋਕ ਉਨ੍ਹਾਂ
ਉੱਤੇ ਆ ਪਏ ਅਤੇ ਉਨ੍ਹਾਂ ਨੂੰ ਖੋਹ ਕੇ ਲੈ ਗਏ ਅਰ ਜੁਆਨਾਂ ਨੂੰ ਤਲਵਾਰ ਦੀ ਧਾਰ ਨਾਲ ਵੱਢ
ਗਏ। ਮੈਂ ਹੀ ਇਕੱਲਾ ਬਚਿਆ ਹਾਂ ਭਈ ਤੈਨੂੰ ਦੱਸਾਂ। 16ਉਹ ਅਜੇ ਏਹ ਗੱਲਾਂ ਕਰਦਾ ਹੀ ਸੀ
ਕਿ ਇੱਕ ਹੋਰ ਆਇਆ ਅਤੇ ਆਖਿਆ ਕਿ ਪਰਮੇਸ਼ੁਰ ਦੀ ਅੱਗ ਅਕਾਸ਼ੋਂ ਉਤਰੀ। ਉਸ ਨੇ
ਭੇਡਾਂ ਅਰ ਜੁਆਨਾਂ ਨੂੰ ਖਾ ਕੇ ਭਸਮ ਕਰ ਲਿਆ। ਮੈਂ ਹੀ ਇਕੱਲਾ ਬਚ ਨਿੱਕਲਿਆ ਹਾਂ ਕਿ
ਤੈਨੂੰ ਦੱਸਾਂ। 17ਉਹ ਅਜੇ ਏਹ ਗੱਲਾਂ ਕਰਦਾ ਹੀ ਸੀ ਕਿ ਇੱਕ ਹੋਰ ਆ ਗਿਆ ਅਤੇ ਆਖਿਆ
ਕਿ ਕਸਦੀ ਤਿੰਨ ਟੋਲੀਆਂ ਬਣਾ ਕੇ ਆਏ ਅਤੇ ਊਠਾਂ ਉੱਤੇ ਆ ਪਏ ਅਤੇ ਓਹ ਉਨ੍ਹਾਂ ਨੂੰ ਖੋਹ
ਕੇ ਲੈ ਗਏ ਹਨ, ਜੁਆਨਾਂ ਨੂੰ ਤਲਵਾਰ ਦੀ ਧਾਰ ਨਾਲ ਵੱਢ ਗਏ। ਮੈਂ ਹੀ ਇਕੱਲਾ ਬਚ ਗਿਆ
ਕਿ ਤੈਨੂੰ ਦੱਸਾਂ। 18ਉਹ ਵੀ ਅਜੇ ਏਹ ਗੱਲਾਂ ਕਰ ਹੀ ਰਿਹਾ ਸੀ ਕਿ ਇੱਕ ਹੋਰ ਆ ਗਿਆ**

ਅਤੇ ਆਖਣ ਲੱਗਾ ਕਿ ਤੇਰੇ ਪੁੱਤ੍ਰ ਧੀਆਂ ਆਪਣੇ ਵੱਡੇ ਭਰਾ ਦੇ ਘਰ ਖਾਂਦੇ ਅਤੇ ਮੈ ਪੀਂਦੇ ਸਨ
[19]ਤਾਂ ਵੇਖੋ ਜੀ, ਇੱਕ ਵੱਡੀ ਹਵਾ ਉਜਾੜ ਵੱਲੋਂ ਆਈ ਅਤੇ ਘਰ ਦੇ ਚੌਹਾਂ ਪਾਸਿਆਂ ਉੱਤੇ
ਟੱਕਰ ਮਾਰੀ ਕਿ ਉਹ ਉਨ੍ਹਾਂ ਜੁਆਨਾਂ ਉੱਤੇ ਡਿੱਗ ਪਿਆ ਅਤੇ ਓਹ ਮਰ ਗਏ। ਮੈਂ ਹੀ ਇਕੱਲਾ
ਬਚ ਰਿਹਾ ਹਾਂ ਕਿ ਤੈਨੂੰ ਦੱਸਾਂ।

ਆਇਤਾਂ 13-19. ਅੱਯੂਬ ਤੇ ਅਚਾਣਕ ਚਾਰ ਭਿਆਣਕ ਆਫ਼ਤਾਂ ਆਈਆਂ। ਅੱਯੂਬ ਦੀ ਜਾਇਦਾਦ ਦੇ ਨੁਕਸਾਨ ਅਤੇ ਉਸ ਦੇ ਬੱਚਿਆਂ ਦੀ ਮੌਤ ਦੀ ਭਿਆਣਕ ਖ਼ਬਰ ਲੈ ਕੇ ਇਕ ਤੋਂ ਬਾਅਦ ਇਕ ਦੂਤ ਆਇਆ (ਵੇਖੋ 1:2, 3)। ਜੌਨ ਈ. ਹਾਰਟਲੀ ਨੇ ਦੱਸਿਆ ਕਿ ਵਿਨਾਸ਼ ਦੇ ਕਾਰਣ "ਦੁਨਿਆਵੀ ਅਤੇ ਸੁਰਗੀ ਤਾਕਤਾਂ ਵਿਚਕਾਰ ਬਦਲ ਗਏ ਜੋ ਕਿ ਸਾਰੀਆਂ ਦਿਸ਼ਾਵਾਂ ਤੋਂ ਆਏ: ਸਬਾ ਦੇ ਲੋਕ ਦੱਖਣ ਤੋਂ, ਪੱਛਮ ਤੋਂ ਇਕ ਬਿਜਲੀ, ਉੱਤਰ ਵੱਲੋਂ ਕਸਦੀ ਅਤੇ ਉਜਾੜ ਵੱਲੋਂ ਪੂਰਬ ਵੱਲ ਨੂੰ ਸੀਰੋਕੋ ਅਰਥਾਤ ਇਕ ਵੱਡੀ ਹਵਾ ਆਈ।"[13] ਯਕੀਨਨ ਆਖ਼ਰੀ ਤਬਾਹੀ ਸਭ ਤੋਂ ਜ਼ਿਆਦਾ ਭਿਆਣਕ ਸੀ। ਇਕ ਬੱਚੇ ਦੀ ਮੌਤ ਵੀ ਮਾਪਿਆਂ ਲਈ ਇਕ ਮਾੜੀ ਚੀਜ਼ ਹੈ। ਹੋਰਾਟਿਓ ਸਪੈਫੋਰਡ ਦਾ ਵੀ ਇਸੇ ਤਰ੍ਹਾਂ ਦਾ ਨੁਕਸਾਨ ਹੋਇਆ ਸੀ ਜਦੋਂ ਉਸ ਉਸ ਦੇ ਚਾਰ ਬੱਚੇ ਸਮੁੰਦਰ ਵਿਚ ਮਾਰੇ ਗਏ। ਇਸ ਨੇ ਉਸ ਨੂੰ ਅੰਗ੍ਰੇਜ਼ੀ ਵਿਚ ਇਕ ਬਹੁਤ ਹੀ ਪਿਆਰਾ ਗੀਤ "ਇਟ ਇਜ ਵੈੱਲ ਵਿਦ ਮਾਈ ਸੋਲ" ਲਿਖਣ ਲਈ ਪ੍ਰੇਰਿਤ ਕੀਤਾ ਸੀ।[14]

ਆਫ਼ਤਾਂ ਦੇ ਪ੍ਰਤੀ ਅੱਯੂਬ ਦੀ ਪ੍ਰਤੀਕਿਰਿਆ (1:20-22)

[20]ਤਾਂ ਅੱਯੂਬ ਉੱਠਿਆ, ਆਪਣੇ ਕੱਪੜੇ ਪਾੜ ਲਏ, ਆਪਣਾ ਸਿਰ ਮੁਨਾ ਲਿਆ ਅਤੇ
ਧਰਤੀ ਉੱਤੇ ਡਿੱਗ ਕੇ ਮੱਥਾ ਟੇਕਿਆ [21]ਅਤੇ ਆਖਿਆ, ਮੈਂ ਆਪਣੀ ਮਾਤਾ ਦੇ ਪੇਟ ਤੋਂ ਨੰਗਾ
ਆਇਆ ਅਤੇ ਨੰਗਾ ਹੀ ਓਧਰ ਨੂੰ ਮੁੜ ਰਿਹਾ ਹਾਂ। ਯਹੋਵਾਹ ਨੇ ਦਿੱਤਾ ਯਹੋਵਾਹ ਨੇ ਹੀ ਲੈ
ਲਿਆ ਯਹੋਵਾਹ ਦਾ ਨਾਮ ਮੁਬਾਰਕ ਹੋਵੇ। [22]ਏਸ ਸਾਰੇ ਵਿੱਚ ਨਾ ਤਾਂ ਅੱਯੂਬ ਨੇ ਪਾਪ ਕੀਤਾ
ਅਤੇ ਨਾ ਪਰਮੇਸ਼ੁਰ ਉੱਤੇ ਬੇ ਅਕਲੀ ਦਾ ਦੋਸ਼ ਲਾਇਆ।

ਆਇਤ 20. ਇਸ ਆਇਤ ਵਿਚ ਪੰਜ ਕਿਰਿਆਵਾਂ ਆਉਂਦੀਆਂ ਹਨ ਅਤੇ ਉਨ੍ਹਾਂ ਸਭਨਾਂ ਦਾ ਕਰਤਾ ਅੱਯੂਬ ਹੈ। ਪਹਿਲੀਆਂ ਤਿੰਨ ਕਿਰਿਆਵਾਂ (**ਉੱਠਿਆ**, **ਪਾੜੇ** ਅਤੇ **ਮੁਨਾ ਲਿਆ**) ਪ੍ਰਾਚੀਨ ਮਸੋਪੋਤਾਮੀਆਂ ਦੇ ਸੋਗ ਦੇ ਰਿਵਾਜਾਂ ਦਾ ਵਰਣਨ ਕਰਦੀਆਂ ਹਨ (ਉਤਪਤ 37:34; ਅਜ਼ਰਾ 9:3; ਯਸਾਯਾਹ 15:2; ਯਿਰਮਿਯਾਹ 7:29; 16:6)। ਆਖ਼ਰੀ ਦੋ ਕਿਰਿਆਵਾਂ (**ਡਿੱਗ ਕੇ** ਅਤੇ **ਮੱਥਾ ਟੇਕਿਆ**) ਬੰਦਗੀ ਦੇ ਤਰੀਕਿਆਂ ਦਾ ਵਰਣਨ ਕਰਦੀਆਂ ਹਨ।

ਆਇਤਾਂ 21, 22. ਮੈਂ ਆਪਣੀ ਮਾਤਾ ਦੇ ਪੇਟ ਤੋਂ ਨੰਗਾ ਆਇਆ ਅਤੇ ਨੰਗਾ ਹੀ ਓਧਰ ਨੂੰ ਮੁੜ ਰਿਹਾ ਹਾਂ। ਅੱਯੂਬ ਸਿਰਫ ਇਹ ਕਹਿ ਰਿਹਾ ਸੀ ਕਿ ਅਸੀਂ ਆਪਣੇ ਨਾਲ ਦੁਨੀਆ ਵਿਚ ਕੁਝ ਨਹੀਂ ਲਿਆਉਂਦੇ ਅਤੇ ਜਦੋਂ ਅਸੀਂ ਮਰਦੇ ਹਾਂ ਤਾਂ ਆਪਣੇ ਨਾਲ ਕੁਝ ਨਹੀਂ ਲੈ ਜਾਂਦੇ। **ਯਹੋਵਾਹ ਨੇ ਦਿੱਤਾ ਯਹੋਵਾਹ ਨੇ ਹੀ ਲੈ ਲਿਆ ਯਹੋਵਾਹ ਦਾ ਨਾਮ ਮੁਬਾਰਕ ਹੋਵੇ।** ਹਾਲਾਂਕਿ ਅੱਯੂਬ ਆਪਣੇ ਵੱਡੇ ਨੁਕਸਾਨ ਦੇ ਕਾਰਣ ਸੁੰਨ ਹੋ ਗਿਆ ਸੀ, ਉਸ ਦੀ ਪਹਿਲਾ ਕਥਨ ਇਹ ਹੈ "ਯਹੋਵਾਹ ਨੇ ਦਿੱਤਾ"! ਸੋਰੇਨ ਕਿਰਕੇਗਾਰਡ ਨੇ ਸਮਝਦਾਰੀ ਨਾਲ ਟਿੱਪਣੀ ਕੀਤੀ ਸੀ,

> ਇਸ ਸਮੇਂ ਜਦੋਂ ਯਹੋਵਾਹ ਨੇ ਸਭ ਕੁਝ ਲੈ ਲਿਆ, ਉਸ ਨੇ ਪਹਿਲਾਂ ਇਹ ਨਹੀਂ ਕਿਹਾ "ਯਹੋਵਾਹ ਨੇ ਹੀ ਲੈ ਲਿਆ," ਪਰ ਉਸ ਨੇ ਪਹਿਲਾਂ ਇਹ ਆਖਿਆ ਕਿ "ਯਹੋਵਾਹ ਨੇ ਦਿੱਤਾ।" ਇਹ ਸ਼ਬਦ ਛੋਟਾ ਹੈ, ਪਰ ਇਸ ਦੀ ਸੰਖੇਪਤਾ ਵਿਚ ਇਹ ਸੰਪੂਰਣ ਤੌਰ ਨੇ ਉਹ ਪਰਗਟ

ਕਰਦਾ ਹੈ ਜੋ ਇਹ ਦਰਸਾਉਣਾ ਚਾਹੁੰਦਾ ਹੈ, ਇਹ ਕਿ ਅੱਯੂਬ ਦੀ ਰੂਹ ਦੁੱਖ ਦੇ ਸਾਹਮਣੇ ਚੁੱਪ ਰਹਿਣ ਵਿਚ ਕੁਚਲੀ ਨਹੀਂ ਗਈ, ਬਲਕਿ ਉਸ ਦਾ ਦਿਲ ਪਹਿਲਾਂ ਧੰਨਵਾਦ ਨਾਲ ਫੁੱਲਦਾ ਹੈ; ਇਹ ਕਿ ਹਰ ਚੀਜ਼ ਦੇ ਨੁਕਸਾਨ ਦੇ ਬਾਵਜੂਦ ਸਭ ਤੋਂ ਪਹਿਲਾਂ ਉਸ ਨੇ ਯਹੋਵਾਹ ਨੂੰ ਧੰਨਵਾਦ ਦਿੱਤਾ ਕਿ ਉਸੇ ਨੇ ਉਸ ਨੂੰ ਉਹ ਸਾਰੀਆਂ ਬਰਕਤਾਂ ਦਿੱਤੀਆਂ ਸਨ ਜੋ ਉਹ ਹੁਣ ਉਸ ਤੋਂ ਲੈ ਗਿਆ ਸੀ।[15]

ਕਿਰਕੇਗਾਰਡ ਬਿਲਕੁਲ ਸਹੀ ਸੀ। ਇਹ ਉਹ ਵਿਅਕਤੀ ਹੈ ਜਿਹੜਾ ਸਭ ਤੋਂ ਪਹਿਲਾਂ ਇਹ ਮਹਿਸੂਸ ਕਰਦਾ ਹੈ ਕਿ ਯਹੋਵਾਹ ਦਿੰਦਾ ਹੈ ਜੋ ਸਵੀਕਾਰ ਕਰਨ ਲਈ ਸਭ ਤੋਂ ਉੱਤਮ ਹੈ ਜੋ ਯਹੋਵਾਹ ਲੈਂਦਾ ਹੈ। ਅਸੀਂ ਉਹ ਸਭ ਕੁਝ ਪੂਰੀ ਤਰ੍ਹਾਂ ਨਹੀਂ ਸਮਝ ਸਕਦੇ ਜੋ ਪ੍ਰਭੂ ਦੇ *ਦੇਣ* ਵਿਚ ਜਾਂ ਉਸ ਦੇ *ਲੈਣ* ਦੇ ਅਨੁਸਾਰ ਹੈ। ਪਰ, ਜਦੋਂ ਪਰਤਾਵੇ ਦਾ ਸਮਾਂ ਆਉਂਦਾ ਹੈ, ਅਸੀਂ ਅੱਯੂਬ ਵਰਗਾ ਸੁੰਦਰ ਰਵੱਈਆ ਅਪਨਾਉਣ ਦੀ ਕੋਸ਼ਿਸ਼ ਕਰ ਸਕਦੇ ਹਾਂ: **ਏਸ ਸਾਰੇ ਵਿੱਚ ਨਾ ਤਾਂ ਅੱਯੂਬ ਨੇ ਪਾਪ ਕੀਤਾ ਅਤੇ ਨਾ ਪਰਮੇਸ਼ੁਰ ਉੱਤੇ ਬੇ ਅਕਲੀ ਦਾ ਦੋਸ਼ ਲਾਇਆ।**

ਪ੍ਰਾਸੰਗਿਕਤਾ

ਜ਼ਿੰਦਗੀ ਮੁਸ਼ਕਲ ਹੈ, ਪਰ ਹੌਸਲਾ ਰੱਖੋ (ਅਧਿਆਇ 1)

ਐਮ. ਸਕੌਟ ਨੇ ਪੈੱਕ ਨੇ ਆਪਣੀ ਸਭ ਤੋਂ ਵੱਧ ਵਿਕਣ ਵਾਲੀ ਪੁਸਤਕ *ਦ ਰੋਡ ਲੈਸ ਟਰੈਵਲਡ* ਦੀ ਸ਼ੁਰੂਆਤ ਵਿਚਾਰਾਂ ਨੂੰ ਉਕਸਾਉਣ ਵਾਲੀ ਅਤੇ ਇਸ ਸ਼ਕਤੀਸ਼ਾਲੀ ਘੋਸ਼ਣਾ ਨਾਲ ਕੀਤੀ ਸੀ: "ਜ਼ਿੰਦਗੀ ਮੁਸ਼ਕਲ ਹੈ।"[16] ਆਪਣੇ ਗਾਲੜੀ ਅੰਦਾਜ਼ ਵਿਚ, ਬਰੱਦਰ ਏਵੋਨ ਮਲੋਨ ਆਪਣੇ ਵਿਦਿਆਰਥੀਆਂ ਨੂੰ ਕਹਿੰਦਾ ਹੁੰਦਾ ਸੀ ਕਿ ਕਿ ਜ਼ਿੰਦਗੀ "ਅਜ਼ਮਾਇਸ਼ਾਂ ਅਤੇ ਕਸ਼ਟਾਂ, ਦਿਲ ਦੁਖਾਉਣ ਅਤੇ ਦਿਲ ਨੂੰ ਤੋੜਨ ਵਾਲੀਆਂ ਗੱਲਾਂ, ਦਬਾਵਾਂ, ਮੁਸੀਬਤਾਂ ਅਤੇ ਸਮੱਸਿਆਵਾਂ ਨਾਲ ਭਰੀ ਪਈ ਹੈ।" ਯੂਹੰਨਾ 16:33 ਵਿਚ, ਸਾਡੇ ਪ੍ਰਭੂ ਨੇ ਆਖਿਆ, "ਜਗਤ ਵਿੱਚ ਤੁਹਾਨੂੰ ਕਸ਼ਟ ਹੈ *ਪਰ* ਹੌਸਲਾ ਰੱਖੋ; ਮੈਂ ਜਗਤ ਨੂੰ ਜਿੱਤ ਲਿਆ ਹੈ" (ਜ਼ੋਰ ਦਿੱਤਾ ਗਿਆ ਹੈ)।

ਕਿਉਂਕਿ ਅਸੀਂ ਪਾਪੀ ਲੋਕ ਹਾਂ ਜਿਹੜੇ ਪਾਪੀ ਜਗਤ ਵਿਚ ਰਹਿੰਦੇ ਹਾਂ ਜਿਸ ਤੇ ਪਾਪ ਅਤੇ ਦੁਸ਼ਟ ਅਰਥਾਤ ਸ਼ਤਾਨ ਦਾ ਰਾਜ ਚੱਲਦਾ ਹੈ, ਮੁਸੀਬਤਾਂ ਸਾਡੇ ਸਾਰਿਆਂ ਉੱਤੇ ਆਉਣਗੀਆਂ; *ਪਰ* ਅਸੀਂ ਹੌਸਲਾ ਰੱਖ ਸਕਦੇ ਹਾਂ। ਜ਼ਿੰਦਗੀ ਮੁਸ਼ਕਲ ਹੈ, ਪਰ ਅੱਯੂਬ ਦੀ ਪੁਸਤਕ ਦੇ ਸਿਧਾਂਤਾਂ ਨੂੰ ਪੜ੍ਹਨਾ ਅਤੇ ਉਨ੍ਹਾਂ ਦਾ ਅਧਿਐਨ ਕਰਨਾ ਸਾਡੀ ਕਈ ਤਰੀਕਿਆਂ ਨਾਲ ਮਦਦ ਕਰ ਸਕਦਾ ਹੈ।

ਪਹਿਲੀ ਗੱਲ, ਅੱਯੂਬ ਦੀ ਪੁਸਤਕ ਸਾਨੂੰ ਇਹ ਵੇਖਣ ਵਿਚ ਮਦਦ ਕਰ ਸਕਦੀ ਹੈ ਕਿ ਪਰਮੇਸ਼ੁਰ ਹਾਲੇ ਵੀ ਪਰਮੇਸ਼ੁਰ ਹੈ। ਸਾਡੇ ਨਾਲ ਜੋ ਕੁਝ ਵੀ ਹੁੰਦਾ ਹੈ ਉਸ ਦੀ ਪਰਵਾਹ ਕੀਤੇ ਬਿਨਾ ਅਤੇ ਉਹ ਹੱਥ ਜਿਸ ਨਾਲ ਅਸੀਂ ਨਜਿੱਠ ਚੁੱਕੇ ਹਾਂ ਉਸ ਦੀ ਪਰਵਾਹ ਕੀਤੇ ਬਿਨਾ, ਯਹੋਵਾਹ ਪਰਮੇਸ਼ੁਰ ਹਾਲੇ ਵੀ ਪਰਮੇਸ਼ੁਰ ਹੈ! ਇਸ ਪੁਸਤਕ ਵਿਚ ਅਜਿਹਾ ਕੁਝ ਵੀ ਨਹੀਂ ਹੈ ਜੋ ਪਰਮੇਸ਼ੁਰ ਦੀ ਆਗਿਆ ਤੋਂ ਬਿਨਾ ਹੁੰਦਾ ਹੈ ਜਾਂ ਅਜਿਹਾ ਕੁਝ ਵੀ ਨਹੀਂ ਹੁੰਦਾ ਜਿਸ ਵਿਚ ਪਰਮੇਸ਼ੁਰ ਆਪ ਨਾ ਖੜ੍ਹਾ ਹੋਇਆ ਹੋਵੇ। ਸਾਡੀ ਜ਼ਿੰਦਗੀ ਵਿਚ ਜੋ ਹੁੰਦਾ ਹੈ ਉਸ ਦੀ ਪਰਵਾਹ ਕੀਤੇ ਬਿਨਾ, ਪਰਮੇਸ਼ੁਰ ਹਾਲੇ ਵੀ ਪਰਮੇਸ਼ੁਰ ਹੈ। ਉਹ ਹਾਲੇ ਵੀ ਆਪਣੇ ਸਿੰਘਾਸਣ ਉੱਤੇ ਬਿਰਾਜਮਾਨ ਹੈ, ਹਾਲੇ ਵੀ ਸਭ ਕੁਝ ਉਸ ਦੇ ਵੱਸ ਵਿਚ ਹੈ, ਹਾਲੇ ਵੀ ਉਹ ਸਾਡੀ ਵੱਲ ਹੈ (ਰੋਮੀਆਂ 8:31) ਅਤੇ ਉਹ ਸਾਡੇ ਤੇ ਭਰੋਸਾ ਕਰ ਰਿਹਾ ਹੈ ਕਿ ਅਸੀਂ ਉਸ ਦੀ ਉਸਤਤ ਕਰੀਏ ਅਤੇ ਉਸ ਦੇ ਪ੍ਰਤੀ ਵਫ਼ਾਦਾਰ ਰਹੀਏ।

ਦੂਜੀ ਗੱਲ, ਅੱਯੂਬ ਦੀ ਪੁਸਤਕ ਪਰਮੇਸ਼ੁਰ ਨਾਲ ਇਕ ਡੂੰਘਾ ਸੰਬੰਧ ਬਣਾਉਣ ਵਿਚ

ਸਾਡੀ ਮਦਦ ਕਰ ਸਕਦੀ ਹੈ। ਜਦੋਂ ਦੁਖਾਂਤ ਵਾਪਰਦੇ ਹਨ, ਤਾਂ ਕੀ ਇਹ ਦਿਲਚਸਪ ਨਹੀਂ ਹੈ ਕਿ ਕੁਝ ਲੋਕ ਪਰਮੇਸ਼ੁਰ ਦੀ ਵੱਲ ਖਿੱਚੇ ਜਾਂਦੇ ਹਨ ਜਦ ਕਿ ਕੁਝ ਲੋਕ ਪਰਮੇਸ਼ੁਰ ਕੋਲੋਂ ਦੂਰ ਹੋ ਜਾਂਦੇ ਹਨ? ਅੱਯੂਬ ਪਰਮੇਸ਼ੁਰ ਦੀ ਵੱਲ ਖਿੱਚਿਆ ਗਿਆ ਸੀ; ਉਸ ਨੇ ਸਵਾਲ ਪੁੱਛੇ ਅਤੇ ਪਰਮੇਸ਼ੁਰ ਦੇ ਅੱਗੇ ਆਪਣੇ ਦੁੱਖਾਂ, ਗੁੱਸੇ ਅਤੇ ਨਿਰਾਸ਼ਾ ਨੂੰ ਪਰਗਟ ਕੀਤਾ - ਅਤੇ ਇਹ ਠੀਕ ਸੀ। ਪਰਮੇਸ਼ੁਰ ਇਸ ਨੂੰ ਸੰਭਾਲ ਸਕਦਾ ਸੀ। ਆਖ਼ਰਕਾਰ, ਅੱਯੂਬ ਨੂੰ ਪਰਮੇਸ਼ੁਰ ਦੀ ਸ਼ਕਤੀ ਅਤੇ ਅਚਰਜਤਾ ਦੇ ਭਾਵ ਨਾਲ ਛੱਡ ਦਿੱਤਾ ਗਿਆ ਸੀ ਅਤੇ ਉਹ ਇਸ ਭਿਆਣਕ ਅਨੁਭਵ ਦੇ ਵਿੱਚੋਂ ਗੁਜਰਨ ਦੇ ਨਤੀਜੇ ਵਜੋਂ ਪਰਮੇਸ਼ੁਰ ਦੇ ਹੋਰ ਜ਼ਿਆਦਾ ਨੇੜੇ ਆ ਗਿਆ ਸੀ। ਰੋਮੀਆਂ 5:3, 4 ਆਖਦੀਆਂ ਹਨ ਕਿ "ਬਿਪਤਾ ਧੀਰਜ ਪੈਦਾ ਕਰਦੀ ਹੈ ਅਤੇ ਧੀਰਜ ਦ੍ਰਿੜ੍ਹਤਾ ਅਤੇ ਦ੍ਰਿੜ੍ਹਤਾ ਆਸ ਪੈਦਾ ਕਰਦੀ ਹੈ।"

ਤੀਜੀ ਗੱਲ, ਅੱਯੂਬ ਦੀ ਪੁਸਤਕ ਸਾਨੂੰ ਪਰਮੇਸ਼ੁਰ ਦੀ ਉਸਤਤ ਕਰਨ ਵਿਚ ਅਤੇ ਸਾਡੀਆਂ ਬਰਕਤਾਂ ਨੂੰ ਹਲਕੇ ਵਿਚ ਨਾ ਲੈਣ ਵਿਚ ਮਦਦ ਕਰ ਸਕਦੀ ਹੈ। ਕਿਸ ਨੇ ਅੱਯੂਬ ਨੂੰ ਉਸ ਦੇ ਪਸ਼ੂ, ਉਸ ਦੇ ਬੱਚੇ, ਉਸ ਦੀ ਦੌਲਤ ਅਤੇ ਉਸ ਦੀ ਸਿਹਤ ਦਿੱਤੀ ਸੀ? ਇਹ ਸਭ ਪਰਮੇਸ਼ੁਰ ਨੇ ਦਿੱਤੇ ਸਨ। ਯਾਕੂਬ 1:17 ਆਖਦੀ ਹੈ, "*ਹਰੇਕ* ਚੰਗਾ ਦਾਨ ਅਤੇ ਹਰੇਕ ਪੂਰਨ ਦਾਤ ਉਤਾਹਾਂ ਤੋਂ ਹੈ" (NIV; ਜ਼ੋਰ ਦਿੱਤਾ ਗਿਆ ਹੈ)। ਪਤਨੀ ਹੋਣਾ ਅਤੇ ਦਸ ਅਮੋਲਕ ਬੱਚੇ ਹੋਣਾ ਕਿੰਨੀ ਸ਼ਾਨਦਾਰ ਬਰਕਤ ਹੈ! ਆਪਣੇ ਬੱਚਿਆਂ ਦੇ ਨੇੜੇ ਰਹਿਣਾ ਕਿੰਨੀ ਸ਼ਾਨਦਾਰ ਬਰਕਤ ਹੈ! ਅਜਿਹੇ ਬੱਚੇ ਹੋਣਾ ਜਿਹੜੇ ਇਕੱਠੇ ਹੋਣ ਦਾ ਅਨੰਦ ਮਾਣਦੇ ਸਨ ਕਿੰਨੀ ਸ਼ਾਨਦਾਰ ਬਰਕਤ ਹੈ! ਆਪਣੇ ਪਰਿਵਾਰ ਦੀ ਖ਼ਾਤਰ ਸੁਤੰਤਰ ਤੌਰ ਤੇ ਪਰਮੇਸ਼ੁਰ ਦੇ ਸਿੰਘਾਸਣ ਕੋਲ ਪਹੁੰਚਣ ਦੇ ਯੋਗ ਹੋਣਾ ਕਿੰਨੀ ਸ਼ਾਨਦਾਰ ਬਰਕਤ ਹੈ! ਅੱਯੂਬ ਇਕ ਮੁਬਾਰਕ ਮਨੁੱਖ ਸੀ ਅਤੇ ਅਸੀਂ ਵੀ ਮੁਬਾਰਕ ਲੋਕ ਹਾਂ।

ਇਕ ਜਾਣੇ-ਪਛਾਣੇ ਗੀਤ ਦੇ ਇਹ ਸ਼ਬਦ ਸਿੱਖਿਆਦਾਇਕ ਹੈ: "ਆਪਣੀਆਂ ਬਹੁਤ ਸਾਰੀਆਂ ਬਰਕਤਾਂ ਨੂੰ ਗਿਣੋ, ਇਕ ਇਕ ਦਾ ਨਾਮ ਲੈ ਕੇ ਅਤੇ ਇਹ ਤੁਹਾਨੂੰ ਹੈਰਾਨ ਕਰ ਦੇਵੇਗਾ ਜੋ ਪ੍ਰਭੂ ਨੇ ਤੁਹਾਡੇ ਲਈ ਕੀਤਾ ਹੈ।"[17] ਸਾਡੇ ਪਰਮੇਸ਼ੁਰ ਨੇ ਅਕਾਸ਼ ਦੀਆਂ ਖਿੜਕੀਆਂ ਖੋਲ੍ਹ ਦਿੱਤੀਆਂ ਹਨ ਅਤੇ ਸਾਡੇ ਉੱਤੇ ਆਪਣੀਆਂ ਬਰਕਤਾਂ ਨੂੰ ਉਂਡੇਲਿਆ ਹੈ। ਸਾਨੂੰ ਉਨ੍ਹਾਂ ਬਰਕਤਾਂ ਨੂੰ ਹਲਕੇ ਵਿਚ ਨਹੀਂ ਲੈਣ ਚਾਹੀਦਾ ਅਤੇ ਸਾਨੂੰ ਹਰ ਰੋਜ਼ ਉਸ ਦਾ ਧੰਨਵਾਦ ਕਰਨਾ ਚਾਹੀਦਾ ਹੈ ਕਿ ਉਹ ਸਾਡੇ ਲਈ ਕਿੰਨਾ ਭਲਾ ਹੈ। ਅੱਜ ਜੋ ਸਾਡੇ ਕੋਲ ਹੈ ਕੱਲ੍ਹ ਨੂੰ ਨਹੀਂ ਹੋ ਸਕਦਾ, ਇਸ ਲਈ ਇਹ ਜ਼ਰੂਰੀ ਹੈ ਕਿ ਅਸੀਂ ਆਪਣੀਆਂ ਬਰਕਤਾਂ ਦੀ ਰੋਜ਼ਾਨਾ ਕਦਰ ਕਰੀਏ ਅਤੇ ਸਾਡੇ ਪਰਮੇਸ਼ੁਰ ਦੇ ਅੱਗੇ ਰੋਜ਼ਾਨਾ ਉਸ ਕਦਰ ਦਾ ਪ੍ਰਗਟਾਵਾ ਕਰੀਏ। ਕੀ ਤੁਸੀਂ ਉਨ੍ਹਾਂ ਨੌਂ ਕੋੜ੍ਹੀਆਂ ਵਰਗੇ ਹੋ ਜਿਹੜੇ ਸ਼ੁੱਧ ਹੋ ਗਏ ਸਨ ਅਤੇ ਧੰਨਵਾਦ ਕਰਨ ਲਈ ਵਾਪਸ ਨਹੀਂ ਪਰਤੇ, ਜਾਂ ਕੀ ਤੁਸੀਂ ਉਸ ਇਕ ਕੋੜ੍ਹੀ ਵਰਗੇ ਹੋ ਜਿਹੜਾ ਯਿਸੂ ਦਾ ਧੰਨਵਾਦ ਕਰਨ ਲਈ ਅਤੇ ਯਿਸੂ ਦੀ ਦਿੱਤੀ ਹੋਈ ਬਰਕਤ ਦੇ ਲਈ ਉਸ ਦੀ ਉਸਤਤ ਕਰਨ ਦੇ ਲਈ ਵਾਪਸ ਆਇਆ ਸੀ? (ਵੇਖੋ ਲੂਕਾ 17:11-19.) ਆਪਣੀਆਂ ਮੁਸੀਬਤਾਂ ਦੇ ਲਈ ਪਰਮੇਸ਼ੁਰ ਨੂੰ ਦੋਸ਼ੀ ਠਹਿਰਾਉਣ ਦੀ ਬਜਾਇ, ਅੱਯੂਬ ਨੇ ਪਰਮੇਸ਼ੁਰ ਦਾ ਧੰਨਵਾਦ ਕੀਤਾ ਅਤੇ ਆਖਿਆ, "ਯਹੋਵਾਹ ਨੇ ਦਿੱਤਾ ਯਹੋਵਾਹ ਨੇ ਹੀ ਲੈ ਲਿਆ ਯਹੋਵਾਹ ਦਾ ਨਾਮ ਮੁਬਾਰਕ ਹੋਵੇ" (ਅੱਯੂਬ 1:21)।

ਚੌਥੀ ਗੱਲ, ਅੱਯੂਬ ਦੀ ਪੁਸਤਕ ਸਾਨੂੰ ਸਬਰ ਰੱਖਣ ਅਤੇ ਵਫ਼ਾਦਾਰ ਰਹਿਣ ਵਿਚ ਮਦਦ ਕਰ ਸਕਦੀ ਹੈ। ਸਬਰ ਬਾਈਬਲ ਦਾ ਇਕ ਮੁੱਖ ਵਿਸ਼ਾ ਹੈ। ਯਾਕੂਬ 5:11 ਆਖਦੀ ਹੈ, "ਜਿਵੇਂ ਤੁਸੀਂ ਜਾਣਦੇ ਹੋ, ਅਸੀਂ ਉਨ੍ਹਾਂ ਨੂੰ ਧੰਨ ਆਖਦੇ ਹਾਂ ਜਿਨ੍ਹਾਂ ਸਬਰ ਕੀਤਾ। ਤੁਸੀਂ ਅੱਯੂਬ ਦਾ ਸਬਰ ਸੁਣਿਆ ਹੈ ..." (NIV)। ਮੈਂ ਅਕਸਰ ਆਪਣੇ ਭੈਣ-ਭਰਾਵਾਂ ਨੂੰ ਕਹਿੰਦਾ ਸੀ, "ਮੈਂ ਜ਼ਿਆਦਾ ਸਬਰ ਵਾਲਾ ਬਣਨਾ ਚਾਹੁੰਦਾ ਹਾਂ, ਪਰ ਮੈਂ ਕਦੇ ਸਬਰ ਦੇ ਲਈ ਪ੍ਰਾਰਥਨਾ ਨਹੀਂ ਕਰਦਾ।"

ਕਾਰਣ ਇਹ ਹੈ ਕਿ ਮੈਂ ਇਸ ਨੂੰ ਸਿੱਖਣ ਲਈ ਅੱਯੂਬ ਵਰਗੇ ਤਜ਼ਰਬਿਆਂ ਵਿੱਚੋਂ ਨਹੀਂ ਲੰਘਣਾ ਚਾਹੁੰਦਾ। ਪਰ, ਸਬਰ ਆਤਮਾ ਦਾ ਇਕ ਫਲ (ਗਲਾਤੀਆਂ 5:22) ਅਤੇ ਇਕ ਮਸੀਹੀ ਗੁਣ ਹੈ (2 ਪਤਰਸ 1:6)। ਯਿਸੂ ਨੇ ਸਮੁਰਨੇ ਦੀ ਕਲੀਸੀਆ ਨੂੰ ਆਖਿਆ, "ਜਿਹੜੇ ਦੁਖ ਤੈਂ ਭੋਗਣੇ ਹਨ ਤੂੰ ਓਹਨਾਂ ਤੋਂ ਨਾ ਡਰੀਂ। ... ਤੂੰ ਮਰਨ ਤੋੜੀ ਵਫ਼ਾਦਾਰ ਰਹੁ ਤਾਂ ਮੈਂ ਤੈਨੂੰ ਜੀਵਨ ਦਾ ਮੁਕਟ ਦਿਆਂ'ਗਾ" (ਪਰਕਾਸ਼ ਦੀ ਪੋਥੀ 2:10; NIV)। ਐਫ. ਮਿਲਸ

ਨੇਕ ਮਸੀਹੀ ਲੋਕ (1:1-5)

ਅੱਯੂਬ ਨੇ ਆਪਣੇ ਪਰਿਵਾਰ ਦਾ ਆਤਮਿਕ ਆਗੂ ਹੋਣ ਦੇ ਨਾਤੇ ਆਪਣੀ ਜ਼ਿੰਮੇਵਾਰੀ ਨੂੰ ਗੰਭੀਰਤਾ ਨਾਲ ਲਿਆ। ਉਸ ਨੇ ਆਪਣੇ ਬੱਚਿਆਂ ਦੇ ਅੱਗੇ ਧਰਮੀ ਜੀਵਨ ਬਤੀਤ ਕੀਤਾ, ਉਨ੍ਹਾਂ ਦੇ ਪਾਲਣ ਕਰਨ ਦੇ ਲਈ ਉਨ੍ਹਾਂ ਨੂੰ ਇਕ ਨਮੂਨਾ ਦਿੱਤਾ (1:1, 2)। ਉਸ ਨੇ ਇਹ ਵੀ ਨਿਸ਼ਚਿਤ ਕੀਤਾ ਕਿ ਉਹ ਉਨ੍ਹਾਂ ਦੀ ਖ਼ਾਤਰ ਬਲੀਆਂ ਚੜ੍ਹਾਉਣ ਤੋਂ ਪਹਿਲਾਂ ਪਵਿੱਤਰ ਕੀਤੇ ਗਏ ਸਨ - ਜੇ ਉਨ੍ਹਾਂ ਨੇ ਕੋਈ ਪਾਪ ਕੀਤਾ ਸੀ (1:5)।

ਅੱਜ ਆਪਣੇ ਪਰਿਵਾਰ ਦੀ ਅਗਵਾਈ ਕਰਨ ਦੇ ਲਈ ਮਸੀਹੀ ਪੁਰਸ਼ਾਂ ਨੂੰ ਉਹੀ ਲਗਨ ਦਿਖਾਉਂਦੀ ਚਾਹੀਦੀ ਹੈ। ਪਤੀਆਂ ਨੂੰ ਹੁਕਮ ਦਿੱਤਾ ਗਿਆ ਹੈ ਕਿ ਉਹ ਆਪਣੀਆਂ ਪਤਨੀਆਂ ਨਾਲ ਪੇਸ਼ ਆਉਂਦੇ ਸਮੇਂ ਮਸੀਹ ਦੇ ਬਲੀਦਾਨ ਵਾਲੇ ਪ੍ਰੇਮ ਦੀ ਨਕਲ ਕਰਨ (ਅਫ਼ਸੀਆਂ 5:25-33) ਅਤੇ ਉਨ੍ਹਾਂ ਨੂੰ ਸਿਖਾਉਣ ਦੇ ਯੋਗ ਵੀ ਹੋਣਾ ਚਾਹੀਦਾ ਹੈ (1 ਕੁਰਿੰਥੀਆਂ 14:35)। ਪਿਤਾਵਾਂ ਨੂੰ ਬੱਚਿਆਂ ਦਾ ਪਾਲਣ ਪੋਸ਼ਣ ਕਰਨ, ਸਿੱਖਿਆ ਦੇਣ ਅਤੇ ਉਨ੍ਹਾਂ ਨੂੰ ਪ੍ਰਭੂ ਦੇ ਰਾਹਾਂ ਉੱਤੇ ਤੋਰਨ ਦੇ ਲਈ ਕਿਹਾ ਗਿਆ ਹੈ (ਅਫ਼ਸੀਆਂ 6:4; ਵੇਖੋ 1 ਤਿਮੋਥਿਉਸ 3:4)। ਮਸੀਹ ਦੇ ਬਲੀਦਾਨ ਰਾਹੀਂ ਧਰਮੀ ਬਣਾਏ ਜਾਣ ਤੋਂ ਬਾਅਦ ਹਰ ਮਸੀਹੀ ਪਤੀ ਅਤੇ ਪਿਤਾ ਦਾ ਨਿਸ਼ਾਨਾ ਆਪਣੇ ਪਰਿਵਾਰ ਦੇ ਮੈਂਬਰਾਂ ਨੂੰ ਸੁਰਗ ਲੈ ਕੇ ਜਾਣ ਦਾ ਹੋਣਾ ਚਾਹੀਦਾ ਹੈ। ਡੀ. ਸਟੀਵਾਰਟ

ਅੱਯੂਬ ਦੇ ਚਰਿੱਤਰ ਦੀ ਨਕਲ ਕਰਨਾ (1:1, 8)

ਅੱਯੂਬ ਦੀ ਪੁਸਤਕ ਅੱਯੂਬ ਦੇ ਚਰਿੱਤਰ ਬਾਰੇ ਇਕ ਪ੍ਰਭਾਵਸ਼ਾਲੀ ਕਥਨ ਦੇ ਨਾਲ ਖੁੱਲ੍ਹਦੀ ਹੈ: "ਉਹ ਇੱਕ ਪੂਰਾ ਤੇ ਖਰਾ ਮਨੁੱਖ ਸੀ ਜੋ ਪਰਮੇਸ਼ੁਰ ਤੋਂ ਡਰਦਾ ਅਤੇ ਬਦੀ ਤੋਂ ਪਰੇ ਰਹਿੰਦਾ ਸੀ" (1:1)। ਸ਼ਤਾਨ ਨਾਲ ਪਰਮੇਸ਼ੁਰ ਦੀ ਗੱਲਬਾਤ ਵਿਚ, ਪਰਮੇਸ਼ੁਰ ਨੇ ਉਸੇ ਭਾਸ਼ਾ ਦੀ ਵਰਤੋਂ ਕਰਕੇ ਅੱਯੂਬ ਦੀ ਤਾਰੀਫ਼ ਕੀਤੀ ਸੀ (1:8)। ਅੱਜ ਮਸੀਹੀ ਲੋਕਾਂ ਨੂੰ ਹੇਠ ਲਿਖੇ ਤਿੰਨ ਤਰੀਕਿਆਂ ਨਾਲ ਅੱਯੂਬ ਦੇ ਚਰਿੱਤਰ ਦੀ ਨਕਲ ਕਰਨੀ ਚਾਹੀਦੀ ਹੈ: (1) ਖਰਿਆਈ ਨੂੰ ਲੱਭਣ ਦੁਆਰਾ (ਨਿਰਦੋਸ਼" ਅਤੇ "ਖਰਾ" ਹੋਣਾ); (2) ਪਰਮੇਸ਼ੁਰ ਤੋਂ ਡਰਨ ਦੁਆਰਾ ਅਤੇ (3) ਬਦੀ ਤੋਂ ਪਰੇ ਰਹਿਣ ਦੁਆਰਾ। ਡੀ. ਸਟੀਵਾਰਟ

ਟਿੱਪਣੀਆਂ

[1]"ਦਿ ਐਲੋਕੁਐਂਟ ਪੀਜੈਂਟ," ਅਨੁਵਾਦ ਨਿਲੀ ਸ਼ੁਪੁਕ, *COS*, ਸਫ਼ਾ 1:98-104 ਵਿਚ। [2]"ਡਾਇਲਾਗ ਬਟਵੀਨ ਏ ਮੈਨ ਐਂਡ ਹਿਜ ਵਰਡ," ਅਨੁਵਾਦ ਬੈਂਜਾਮਿਨ ਆਰ. ਫੋਸਟਰ, *COS*, ਸਫ਼ਾ 1:485 ਵਿਚ। [3]"ਦ ਪੋਇਮ ਆਫ਼ ਦ ਰਾਈਚੁਅਸ ਸਫਰਰ," ਅਨੁਵਾਦ ਬੈਂਜਾਮਿਨ ਆਰ. ਫੋਸਟਰ, *COS*, ਸਫ਼ਾ 1:486-92 ਵਿਚ। [4]ਰੋਬਰਟ ਐਲ. ਐਲਡਨ *ਅੱਯੂਬ*, ਦ ਨਿਊ ਅਮੈਰੀਕਨ ਕਮੈਂਟਰੀ (ਐੱਨ.ਪੀ.: ਬਰੋਡਮੈਨ ਅਤੇ ਹੋਲਮੈਨ ਪਬਲਿਸ਼ਰਜ਼, 1993), 46. [5]ਲੁਡਵਿਗ ਕੋਹਲਰ ਅਤੇ ਵਾਲਟਰ ਬਾਮਗਾਰਟਨਰ, *ਦ ਹਿਬਰਿਊ ਐਂਡ ਅਰਾਮਿਕ ਲੈਕਸੀਕਨ ਆਫ਼ ਦਿ ਓਲਡ ਟੈਸਟਾਮੈਂਟ*, ਸਟੱਡੀ ਸੋਧ, ਅਨੁਵਾਦ ਅਤੇ ਸੰਪਾਦਨ ਐਮ. ਈ. ਜੇ. ਰਿਚਰਡਸਨ (ਬੋਸਟਨ: ਬਰਿਲ, 2001), 2:1742-

43. [6]ਉਸੇ ਸਥਾਨ ਤੇ, 1:450. [7]ਉਸੇ ਸਥਾਨ ਤੇ, 1:159. [8]ਹੋਮਰ ਹੇਲੀ, *ਏ ਕਮੈਂਟਰੀ ਆਨ ਅੱਯੂਬ* (ਐੱਨ.ਪੀ.: ਰਿਲੀਜੀਅਸ ਸਪਲਾਈ, ਇੰਕ., 1994), 35. [9]ਜੇਮਸ ਬਰਟਨ ਅਤੇ ਥੈਲਮਾ ਬੀ. ਕੋਫਮੈਨ, *ਦ ਬੁਕ ਆਫ਼ ਅੱਯੂਬ* (ਐਬੀਲੀਨ, ਟੈਕਸਾਸ: ਏਸੀਯੂ ਪ੍ਰੈਸ, 1993), 14. [10]ਉਸੇ ਸਥਨ ਤੇ।

[11]ਹੇਲੀ, 35; ਐਚ. ਐਚ. ਰਾਉਲੀ, *ਅੱਯੂਬ*, ਦੀ ਸੈਂਚੁਰੀ ਬਾਈਬਲ, ਨਿਊ ਸੀਰੀਜ਼ (ਗ੍ਰੀਨਵੁੱਡ, ਸਾਊਥ ਕੈਰੋਲਾਈਨਾ: ਦ ਐਟਿਕ ਪ੍ਰੈੱਸ, ਇੰਕ, 1970), 32; ਅਤੇ ਐਲਬਰਟ ਬਾਰਨੇਸ, *ਅੱਯੂਬ*, ਨੋਟਸ ਆਨ ਦਿ ਓਲਡ ਟੈਸਟਾਮੈਂਟ, ਸੰਪਾ. ਰੌਬਰਟ ਫਰਿਊ (ਗਰੈਂਡ ਰੈਪਿਡਸ, ਮਿਸ਼ੀਗਨ: ਬੇਕਰ ਬੁਕ ਹਾਊਸ, 1949), 1:100. [12]ਕੋਫਮੈਨ, 38. [13]ਜੌਨ ਈ. ਹਾਰਟਲੀ, *ਦ ਬੁਕ ਆਫ਼ ਅੱਯੂਬ*, ਦ ਨਿਊ ਇੰਟਰਨੈਸ਼ਨਲ ਕਮੈਂਟਰੀ ਆਨ ਦਿ ਓਲਡ ਟੈਸਟਾਮੈਂਟ (ਗਰੈਂਡ ਰੈਪਿਡਸ, ਮਿਸ਼ੀਗਨ: ਵਿਲੀਅਮ ਬੀ. ਈਰਡਮੈਂਸ ਪਬਲਿਸ਼ਿੰਗ ਕੰਪਨੀ, 1988), 77. [14]ਆਲਡਨ, 61. [15]ਸੋਰੇਨ ਕੀਰਕਗਾਰਡ, "ਦ ਲਾਰਡ ਗੇਵ ਐਂਡ ਦ ਲਾਰਡ ਹੈਥ ਟੇਕਨ ਅਵੇਅ" (1843), ਨਹੁਮ ਐਨ. ਗਲੇਟਜ਼ਰ, *ਦ ਡਾਈਮੈਂਸਨਸ ਆਫ਼ ਅੱਯੂਬ: ਏ ਸਟੱਡੀ ਐਂਡ ਸਲੈਕਟਡ ਰੀਡਿੰਗਸ* (ਨਿਊ ਯਾਰਕ: ਸ਼ੋਕਨ ਬੁਕਸ, 1969), 260. [16]ਐਮ. ਸਕੋਟ ਪੈੱਕ, *ਦ ਰੋਡ ਲੈੱਸ ਟਰੈਵਲਡ: ਏ ਨਿਊ ਸਾਈਕੋਲੋਜੀ ਆਫ਼ ਲਵ, ਟਰੇਡੀਸ਼ਨਲ ਵੈਲੂਯਜ਼ ਐਂਡ ਸਪਿਰਿਚਿਊਲ ਗਰੋਥ* (ਨਿਊ ਯਾਰਕ: ਸਾਈਮਨ ਐਂਡ ਚੁਸਟਰ, 1978), 15. [17]ਜੋਨਸਨ ਓਟਮੈਨ, "ਵੈੱਨ ਅੱਪੋਨ ਲਾਈਫ਼ਜ ਬਿਲੋਜ," *ਸੌਂਗਸ ਆਫ਼ ਫੇਥ ਐਂਡ ਪਰੇਸ*, ਰਚਨਾ ਅਤੇ ਸੰਪਾ ਆਲਟਨ ਐਚ. ਹੋਵਾਰਡ (ਵੈਸਟ ਮੋਨਰੋ, ਲੂਸੀਆਨਾ: ਹੋਵਾਰਡ ਪਬਲਿਸ਼ਿੰਗ ਕੰਪਨੀ, 1994)।